# ECHO OF HIS CALL

PUNJABI

# ਬੁਲਾਵੇ ਦੀ ਗਜ

India's National Spiritual Newspaper

₹ 10/-

(ECHO GROUP)

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Bro. ASHISH RAMESH BALDHARI

VOL. XXIII — YEAR OF OUR LORD JESUS CHRIST, AUGUST 2022 — No. 03

ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 107:31-41

31. ਕਾਸ਼ ਕਿ ਉਹ ਯਹੋਵਾਹ ਲਈ ਉਹ ਦੀ ਦਯਾ ਦਾ ਧੰਨਵਾਦ ਕਰਦੇ ਅਤੇ ਆਦਮ ਵੰਸ਼ੀਆਂ ਲਈ ਉਹ ਦੇ ਅਚਰਜ ਕੰਮਾਂ ਦਾ।
32. ਉਹ ਪਰਜਾ ਦੀ ਸਭਾ ਵਿੱਚ ਉਹ ਨੂੰ ਵਡਿਆਉਣ ਅਤੇ ਬਜ਼ੁਰਗਾਂ ਦੀ ਬੈਠਕ ਵਿੱਚ ਉਹ ਦੀ ਉਸਤਤ ਕਰਨ।
33. ਉਹ ਨਦੀਆਂ ਨੂੰ ਉਜਾੜ ਅਤੇ ਪਾਣੀ ਦੇ ਸੋਤਿਆਂ ਨੂੰ ਸੜੀ ਸੁੱਕੀ ਜ਼ਮੀਨ ਬਣਾ ਦਿੰਦਾ ਹੈ।
34. ਉਸਦੇ ਵਾਸੀਆਂ ਦੀ ਬੁਰਿਆਈ ਦੇ ਕਾਰਨ ਉਹ ਫਲਵੰਤ ਜ਼ਮੀਨ ਨੂੰ ਕੱਲਰ ਕਰ ਦਿੰਦਾ ਹੈ।
35. ਉਹ ਉਜਾੜ ਨੂੰ ਝੀਲ ਅਤੇ ਸੜੀ ਸੁੱਕੀ ਜ਼ਮੀਨ ਪਾਣੀ ਦਾ ਸੋਤਾ ਬਣਾ ਦਿੰਦਾ ਹੈ।
36. ਅਤੇ ਭੁੱਖਿਆਂ ਨੂੰ ਉੱਥੇ ਵਸਾ ਦਿੰਦਾ ਹੈ ਭਈ ਉਹ ਵੱਸਣ ਲਈ ਇੱਕ ਸ਼ਹਿਰ ਕਾਇਮ ਕਰਨ।
37. ਅਤੇ ਪੈਲੀਆਂ ਬੀਜਣ ਤੇ ਦਾਖਾਂ ਦੇ ਬਾਗ ਲਾਉਣ ਅਤੇ ਢੇਰ ਸਾਰੀ ਪੈਦਾਵਾਰ ਲੈਣ।
38. ਉਹ ਉਨ੍ਹਾਂ ਨੂੰ ਬਰਕਤ ਦਿੰਦਾ ਅਤੇ ਉਹ ਵਧ ਜਾਂਦੇ ਹਨ ਅਤੇ ਉਹ ਉਨ੍ਹਾਂ ਦੇ ਡੰਗਰ ਘਟਣ ਨਹੀਂ ਦਿੰਦਾ।
39. ਫੇਰ ਅਨ੍ਹੇਰੇ ਅਤੇ ਬਦੀ ਅਤੇ ਰੰਜ ਦੇ ਮਾਰੇ ਉਹ ਗਟ ਜਾਂਦੇ ਅਰ ਨਿਉਂਦੇ ਹਨ।
40. ਉਹ ਪਤਵੰਤਿਆਂ ਉੱਤੇ ਸੂਗ ਡੋਲ੍ਹਦਾ ਹੈ ਅਤੇ ਉਨ੍ਹਾਂ ਨੂੰ ਬੇਰਾਹ ਥਲ ਵਿੱਚ ਭੁਆਉਂਦਾ ਹੈ।
41. ਪਰ ਉਹ ਕੰਗਾਲ ਨੂੰ ਦੁੱਖ ਵਿੱਚੋਂ ਉਤਾਹਾਂ ਬਿਠਾਉਂਦਾ ਹੈ ਅਤੇ ਉਹ ਦਾ ਟੱਬਰ ਇੱਜੜ ਜਿਹਾ ਕਰ ਦਿੰਦਾ ਹੈ।

# ਪ੍ਰਮੇਸ਼ਵਰ ਦੀ ਸੱਚੀ ਸੰਤਾਨ ਦੀ ਪਹਿਚਾਣ!

## THE IDENTITIES OF TRUE CHILDREN OF GOD!

Pr. S. Sam Selva Raj

ਅਤੇ ਉਸ ਨੇ ਉਹ ਨੂੰ ਆਖਿਆ, "ਮੈਂ ਯਹੋਵਾਹ ਹਾਂ ਜਿਹੜਾ ਤੈਨੂੰ ਕਸਦੀਆਂ ਦੇ ਊਰ ਤੋਂ ਕੱਢ ਲੈ ਆਇਆ ਹਾਂ ਤਾਂ ਜੋ ਮੈਂ ਤੈਨੂੰ ਇਹ ਧਰਤੀ ਤੇਰੀ ਮਿਲਖ ਹੋਣ ਲਈ ਦੇ ਦਿਆਂ।"

ਤਾਂ ਉਸ ਨੇ ਆਖਿਆ, "ਹੇ ਪ੍ਰਭੂ ਯਹੋਵਾਹ ਮੈਂ ਕਿਸ ਤਰਾਂ ਜਾਣਾ ਕਿ ਮੈਂ ਉਹ ਨੂੰ ਮਿਲਖ ਵਿੱਚ ਲਵਾਂਗਾ?"

ਤਾਂ ਉਸਨੇ ਉਹ ਨੂੰ ਆਖਿਆ, "ਮੇਰੇ ਲਈ ਇੱਕ ਤਿੰਨਾਂ ਵਰ੍ਹਿਆਂ ਦੀ ਵਹਿੜ ਅਰ ਇੱਕ ਤਿੰਨਾਂ ਵਰ੍ਹਿਆਂ ਦੀ ਬੱਕਰੀ ਅਰ ਇੱਕ ਤਿੰਨਾਂ ਵਰ੍ਹਿਆਂ ਦਾ ਛੱਤ੍ਰਾ ਅਰ ਇੱਕ ਘੁੱਗੀ ਅਰ ਇੱਕ ਕਬੂਤਰ ਦਾ ਬੱਚਾ ਲੈ।"

ਤਾਂ ਉਹ ਉਸਦੇ ਲਈ ਇਹ ਸਭ ਲੈ ਆਇਆ ਅਤੇ ਉਹਨਾਂ ਦੇ ਦੋ ਦੋ ਟੋਟੇ ਕੀਤੇ ਅਤੇ ਉਸਨੇ ਇੱਕ ਟੋਟੇ ਨੂੰ ਦੂਜੇ ਦੇ ਸਾਹਮਣੇ ਰੱਖਿਆ; ਪਰ ਪੰਛੀਆਂ ਦੇ ਟੋਟੇ ਨਾ ਕੀਤੇ।

ਜਦ ਸ਼ਿਕਾਰੀ ਪੰਖੇਰੂ ਉਹਨਾਂ ਲੋਥਾਂ ਉੱਤੇ ਉੱਤਰੇ ਤਦ ਅਬਰਾਮ ਨੇ ਉਹਨਾਂ ਨੂੰ ਹਟਾਇਆ।

ਜਾਂ ਸੂਰਜ ਡੁੱਬਣ ਲੱਗਾ ਤਾਂ ਗੂੜ੍ਹੀ ਨੀਂਦਰ ਅਬਰਾਮ ਉੱਤੇ ਆ ਪਈ ਅਤੇ ਵੇਖੋ ਇੱਕ ਵੱਡਾ ਡਰਾਉਣਾ ਹਨ੍ਹੇਰਾ ਉਹ ਦੇ ਉੱਤੇ ਛਾ ਗਿਆ।

ਉਸਨੇ ਅਬਰਾਮ ਨੂੰ ਆਖਿਆ: "ਤੂੰ ਸੱਚ ਜਾਣ ਭਈ ਤੇਰੀ ਅੰਸ ਇੱਕ ਦੇਸ਼ ਵਿੱਚ ਜਿਹੜਾ ਉਹਨਾਂ ਦਾ ਨਹੀਂ ਹੈ ਪਰਦੇਸੀ ਹੋਵੇਗੀ ਅਤੇ ਉਹਨਾਂ ਦੀ ਗੁਲਾਮੀ ਕਰੇਗੀ ਅਰ ਉਹ ਉਹਨਾਂ ਨੂੰ ਚਾਰ ਸੌ ਵਰ੍ਹਿਹਾਂ ਤੀਕ ਦੁੱਖ ਦੇਣਗੇ।

ਅਤੇ ਉਸ ਕੌਮ ਦਾ ਵੀ ਜਿਸਦੀ ਉਹ ਗੁਲਾਮੀ ਕਰਨਗੇ ਮੈਂ ਨਿਆਂ ਕਰਾਂਗਾ ਅਤੇ ਇਹਦੇ ਮਗਰੋਂ ਉਹ ਵੱਡੇ ਮਾਲ ਧਨ ਨਾਲ ਨਿਕਲ ਆਉਣਗੇ" (ਉਤਪਤ 15:7-14)।

ਅਬਰਾਹਾਮ ਨੇ ਪ੍ਰਮੇਸ਼ਵਰ ਦੀ ਪਰਤੀਤ ਕੀਤੀ ਅਤੇ ਇਹ ਉਸਦੇ ਲਈ ਧਰਮ ਗਿਣੀ ਗਈ (ਗਲਾਤੀਆਂ ਨੂੰ 3:6)। ਪ੍ਰਮੇਸ਼ਵਰ ਦੁਆਰਾ ਅਬਰਾਹਾਮ ਨਾਲ ਕੀਤਾ ਵਾਅਦਾ 430 ਵਰ੍ਹਿਆਂ ਮਗਰੋਂ ਉਸਦੀ ਸੰਤਾਨ ਨਾਲ ਪੂਰਾ ਹੋਇਆ। ਜਿਸਨੇਂ ਵਾਅਦਾ ਕੀਤਾ ਉਸ ਵਿਸ਼ਵਾਸਯੋਗ ਸੀ ਇਸ ਲਈ ਉਹ ਜ਼ਰੂਰ ਪੂਰਾ ਹੋਣਾ ਸੀ। ਸੋ ਜਦ ਅਸੀਂ ਪ੍ਰਭੂ ਉੱਤੇ ਨਿਹਚਾ ਕਰਦੇ ਹਾਂ ਤਾਂ ਇਹ ਧਰਮ ਗਿਣੀ ਜਾਵੇਗੀ।


### ਪ੍ਰਮੇਸ਼ਵਰ ਸਾਡੇ ਕੋਲੋਂ ਕੀ ਚਾਹੁੰਦਾ ਹੈ?

ਪ੍ਰਮੇਸ਼ਵਰ ਸਾਨੂੰ ਕੁੱਝ ਵੱਡਾ ਦੇਣਾ ਚਾਹੁੰਦਾ ਹੈ; ਪਰੰਤੂ ਇਸ ਲਈ ਉਹ ਸਾਡੇ ਕੋਲੋਂ ਕੁੱਝ ਚਾਹੁੰਦਾ ਹੈ। ਸਾਡੇ ਕੋਲ ਇਹ ਸਮਝਣ ਲਈ ਲੋੜੀਂਦਾ ਗਿਆਨ ਨਹੀਂ ਹੈ ਕਿ ਪ੍ਰਮੇਸ਼ਵਰ ਸਾਡੇ ਕੋਲੋਂ ਕਿਉਂ ਚਾਹੁੰਦਾ ਹੈ। "ਵਾਹ, ਪ੍ਰਮੇਸ਼ਵਰ ਦਾ ਧਨ ਅਤੇ ਬੁੱਧ ਅਤੇ ਗਿਆਨ ਕੇਡਾ ਡੂੰਘਾ ਹੈ! ਉਹਦੇ ਨਿਆਂਓਂ ਕੇਡੇ ਅਣਲੱਭ ਹਨ ਅਤੇ ਉਹਦੇ ਰਾਹ ਕੇਡੇ ਬੇਖੋਜ ਹਨ! ਪ੍ਰਭੂ ਦੀ ਬੁੱਧੀ ਨੂੰ ਕਿਸ ਜਾਣਿਆ? ਜਾਂ ਕੌਣ ਉਹਦਾ ਸਲਾਹੀ ਬਣਿਆ? ਅਥਵਾ ਕਿਸ ਉਸਨੂੰ ਪਹਿਲਾਂ ਕੁੱਝ ਦਿੱਤਾ ਜਿਸਦਾ ਉਹਨੂੰ ਮੁੜ ਬਦਲਾ ਦਿੱਤਾ ਜਾਵੇ? ਕਿਉਂ ਜੋ ਉਸਤੋਂ ਅਤੇ ਉਸੇ ਦੇ ਵਸੀਲੇ ਨਾਲ ਅਤੇ ਉਸੇ ਦੇ ਲਈ ਸਾਰੀਆਂ ਵਸਤਾਂ ਹੋਈਆਂ ਹਨ, ਉਸਦੀ ਵਡਿਆਈ ਜੁੱਗੋ ਜੁੱਗ ਹੋਵੇ। ਆਮੀਨ" (ਰੋਮੀਆਂ

(ਚਲਦਾ ਸਫਾ 3-)

ECHO OF HIS CALL - (1969-2019 GOLDEN JUBILEE YEAR)

# from your dearly beloved brother...





"ਕਿਉਂਕਿ ਇਹ ਪਰਮੇਸ਼ੁਰ ਹੈ, ਸਾਡਾ ਪਰਮੇਸ਼ੁਰ ਸਦਾ-ਸਦਾ ਲਈ ਹੈ;ਉਹ ਮੌਤ ਤੱਕ ਸਾਡਾ ਮਾਰਗ ਦਰਸ਼ਕ ਰਹੇਗਾ।"
ਜ਼ਬੂਰਾਂ ਦੀ ਪੋਥੀ 48:14

### ਸਾਡੀ ਮਿਸ਼ਨ ਨੀਤੀ

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ

**CHIEF EDITOR**
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th., M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Sis. Serena Bevin, M.A., M.Phil., B.Ed.
Rev. Dr. K.R. Rajasekaran
Dr. A. Richard Samuel, M.A., Ph.D.

**EDITOR, PUBLISHER & PRINTER**
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 95661 31858

**E.mail ID**
sam@echoofhiscall.org
biblecor@yahoo.co.in

**WEBSITES**
www.echoofhiscall.org
www.stpaulsmatriculation.com

**YOUTUBE CHANNEL**
Echo of His Call

ਯਿਸੂ ਮਸੀਹ ਵਿੱਚ ਪਿਆਰੇ ਦੋਸਤੋ,

ਸਾਡੇ ਪ੍ਰਭੂ ਯਿਸੂ ਮਸੀਹ, ਸੰਸਾਰ ਦੇ ਮੁਕਤੀਦਾਤਾ ਦੇ ਸ਼ਾਨਦਾਰ ਨਾਮ ਵਿੱਚ ਤੁਹਾਨੂੰ ਸਾਰਿਆਂ ਨੂੰ ਸ਼ੁਭਕਾਮਨਾਵਾਂ।

ਅਸੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਉੱਪਰ ਪ੍ਰਮੇਸ਼ਵਰ ਦੀਆਂ ਬੇਅੰਤ ਬਖਸ਼ਿਸ਼ਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰਦੇ ਹਾਂ ਅਤੇ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਪ੍ਰਭੂ ਤੁਹਾਨੂੰ ਆਪਣੇ ਘਰ ਦੀ ਭਰਪੂਰੀ ਵਿੱਚੋਂ ਭਰਪੂਰ ਬਰਕਤ ਦੇਵੇ (ਜ਼ਬੂਰ 36:8)।

ਸਾਡੇ ਪ੍ਰਭੂ ਯਿਸੂ ਮਸੀਹ ਦੀ ਅਪਾਰ ਕਿਰਪਾ ਅਤੇ ਰਹਿਮ ਨਾਲ ਅਸੀਂ ਆਪਣੀ ਸੇਵਕਾਈ ਦੇ 54ਵੇਂ ਸਾਲ ਵਿੱਚ ਪ੍ਰਵੇਸ਼ ਕਰ ਰਹੇ ਹਾਂ। ਅਸੀਂ ਸੇਵਕਾਈ ਦੇ ਪਿਛਲੇ ਸਾਲਾਂ ਦੌਰਾਨ ਪ੍ਰਭੂ ਦੀ ਵਫ਼ਾਦਾਰੀ ਅਤੇ ਪਿਆਰ ਭਰੀ ਦਿਆਲਤਾ ਲਈ ਉਸਦੀ ਉਸਤਤ ਅਤੇ ਧੰਨਵਾਦ ਕਰਦੇ ਹਾਂ। ਇਸ ਮਹੱਤਵਪੂਰਨ ਮੌਕੇ 'ਤੇ ਅਸੀਂ ਦੁਨੀਆ ਭਰ ਦੇ ਆਪਣੇ ਸਾਰੇ ਦੋਸਤਾਂ ਅਤੇ ਭਾਈਵਾਲਾਂ ਨੂੰ ਸਤਿਕਾਰ ਨਾਲ ਯਾਦ ਕਰਦੇ ਹਾਂ ਅਤੇ ਉਨ੍ਹਾਂ ਦੀ ਸ਼ਲਾਘਾ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਪਿਆਰ ਕੀਤਾ, ਸਾਡੇ ਲਈ ਪ੍ਰਾਰਥਨਾਵਾਂ ਕੀਤੀਆਂ, ਸਾਡਾ ਸਮਰਥਨ ਕੀਤਾ ਅਤੇ ਚੰਗੇ ਅਤੇ ਮੁਸ਼ਕਲ ਹਾਲਾਤਾਂ ਵਿੱਚ ਸਾਡੇ ਨਾਲ ਖੜੇ ਰਹੇ। ਅਸੀਂ ਜਾਣਦੇ ਹਾਂ ਕਿ ਸਾਡੇ ਪ੍ਰਤੀ ਤੁਹਾਡੇ ਪਿਆਰ ਅਤੇ ਦਿਆਲਤਾ ਤੋਂ ਬਿਨਾਂ, ਅਸੀਂ ਸੇਵਕਾਈ ਦੇ ਇਸ ਪੜਾਅ ਤੀਕ ਨਹੀਂ ਪਹੁੰਚ ਸਕਦੇ ਸੀ।

ਅਸੀਂ ਧੰਨਵਾਦ ਸਹਿਤ ਆਪਣੇ ਸਾਰੇ ਸਾਬਕਾ ਸਹਿ-ਕਰਮੀਆਂ ਨੂੰ ਯਾਦ ਕਰਦੇ ਹਾਂ ਜੋ ਮਹਿਮਾ ਵਿੱਚ ਪ੍ਰਭੂ ਦੇ ਨਾਲ ਰਹਿਣ ਲਈ ਜਾ ਚੁੱਕੇ ਹਨ; ਭਾਈ ਜੀ. ਕਮਲਰਤਨਮ, ਆਈ.ਏ.ਐੱਸ., ਬ੍ਰ. ਵਾਲਰ ਡਾਸਨ, ਬ੍ਰ. ਐਸ. ਸੀ. ਬਕਲ, ਬ੍ਰ. ਜੇ.ਆਰ. ਸੁੰਦਰਰਾਜ, ਬ੍ਰ. ਜੈਕੁਮਾਰ ਮਹਾਰਾਜ, ਬ੍ਰ. ਡੀ.ਡਬਲਿਊ. ਦੇਵਕਾਂਥਨ, ਬ੍ਰ. ਆਰ. ਈ. ਜੈਰਾਜ, ਬ੍ਰ. ਜੀ. ਜੇਆਨੰਦ ਪਾਲਮੋਨੀ ਅਤੇ ਬ੍ਰ. ਮੈਨੂਅਲ ਐਮ. ਪੌਲਰਾਜ ਕਿਉਂਕਿ ਇਨ੍ਹਾਂ ਦਾ ਸਾਡੀ ਸੇਵਕਾਈ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ।

ਅਸੀਂ ਪੂਰੇ ਭਾਰਤ ਵਿੱਚ ਅਤੇ ਨਾਲ ਹੀ ਗੁਆਂਢੀ ਦੇਸ਼ਾਂ ਵਿੱਚ ਹੋਰ ਚਰਚ ਸਥਾਪਿਤ ਕਰਕੇ ਸੇਵਕਾਈ ਦਾ ਵਿਸਥਾਰ ਕਰਨ ਦੀ ਯੋਜਨਾ ਬਣਾ ਰਹੇ ਹਾਂ। ਅਸੀਂ ਤੁਹਾਨੂੰ 54ਵੇਂ ਸਾਲ ਵਿੱਚ ਸਾਡੇ ਦਰਸ਼ਨ ਦੀ ਪੂਰਤੀ ਲਈ ਪ੍ਰਾਰਥਨਾ ਕਰਨ ਲਈ ਬੇਨਤੀ ਕਰਦੇ ਹਾਂ।

ਕੋਵਿਡ' 19 ਲੌਕਡਾਊਨ ਕਾਰਨ ਅਸੀਂ ਪਿਛਲੇ ਕੁਝ ਸਾਲਾਂ ਦੌਰਾਨ ਉਮੀਦ ਮੁਤਾਬਕ ਅੱਗੇ ਨਹੀਂ ਵਧ ਸਕੇ। ਇਹ ਸਹੀ ਸਮਾਂ ਹੈ ਕਿ ਅਸੀਂ ਆਪਣੀਆਂ ਜ਼ੋਰਦਾਰ ਪ੍ਰਾਰਥਨਾਵਾਂ ਦੁਆਰਾ ਪਵਿੱਤਰ ਆਤਮਾ ਦੀ ਵੱਡੀ ਸਮਰੱਥ ਨਾਲ ਦੁਸ਼ਟ ਦੇ ਗੜ੍ਹਾਂ ਨੂੰ ਨਾਸ਼ ਕਰ ਦੇਈਏ।

ਅਸੀਂ ਨੇਪਾਲ, ਬੰਗਲਾਦੇਸ਼, ਪਾਕਿਸਤਾਨ, ਸ਼੍ਰੀਲੰਕਾ ਆਦਿ ਦੇਸ਼ਾਂ ਦੇ ਲੋਕਾਂ ਤੱਕ ਪਹੁੰਚਣ ਦੇ ਰਾਹ ਖੁੱਲਣ ਲਈ ਤੁਹਾਡੀਆਂ ਦਿਲੀ ਪ੍ਰਾਰਥਨਾਵਾਂ ਦੀ ਕਾਮਨਾ ਕਰਦੇ ਹਾਂ। ਸਭ ਰੁਕਾਵਟਾਂ ਦੇ ਬਾਵਜੂਦ, ਸਾਨੂੰ ਭਰੋਸਾ ਹੈ ਕਿ ਸਾਡਾ ਪ੍ਰਮੇਸ਼ਵਰ ਸਿੰਘਾਸਨ 'ਤੇ ਬਿਰਾਜਮਾਨ ਹੈ ਅਤੇ ਸਭ ਕੁਝ ਉਸ ਦੇ ਕੰਟਰੋਲ ਵਿੱਚ ਹੈ।

ਅਸੀਂ ਪ੍ਰਾਰਥਨਾ ਕਰਦੇ ਰਹਿੰਦੇ ਹਾਂ ਕਿ ਤੁਸੀਂ ਹਰ ਗੱਲ ਵਿੱਚ ਖੁਸ਼ਹਾਲ ਹੋਵੋ ਅਤੇ ਤੁਹਾਡੀ ਜਾਨ ਵਿੱਚ ਵੀ ਤੰਦਰੁਸਤ ਹੋਵੋ (3 ਯੂਹੰਨਾ 2)।

ਪ੍ਰਮੇਸ਼ਵਰ ਤੁਹਾਡਾ ਭਲਾ ਕਰੇ!

ਪ੍ਰਭੂ ਯਿਸੂ ਵਿੱਚ ਤੁਹਾਡੇ ਭਰਾ ਅਰ ਸੇਵਕ,

ਪਾ: ਐੱਸ. ਸੈਮ ਸੇਲਵਾ ਰਾਜ ਅਲੈਕਸ ਸੈਮਸਨ ਸੈਮ।
(+91) 98412 71858 / 98410 71858,
E.mail : samselvaraj333@gmail.com

**Our Ministries:** ECHO OF HIS CALL Monthly Magazines (16 languages) ◆ BIBLECOR - Postal Courses (3 languages) ◆ Online Courses ◆ Theological Correspondence Courses (2 languages) ◆ Church Planting ◆ Nehemiah Bible Colleges ◆ Gospel Printing Press ◆ Great Commission Partners ◆ St. Paul's Matriculation School ◆ Crusades ◆ Community Development

(ਚਲਦਾ ਸਫਾ 1 ਤੋਂ)

ਨੂੰ 11:33-36)।

ਏਲੀਯਾਹ ਨਬੀ ਨੇ ਇੱਕ ਛੋਟੀ ਰੋਟੀ ਦੀ ਉਮੀਦ ਕੀਤੀ; ਪਰੰਤੂ ਸਾਰਫਥ ਦੀ ਵਿਧਵਾ ਨੇ ਕਈ ਵਰ੍ਹਿਆਂ ਲਈ ਰੋਟੀ ਹਾਸਲ ਕੀਤੀ! (1 ਰਾਜਿਆਂ 17:16-18)। ਭਾਵੇਂ ਸਾਡੀ ਆਮਦਨ ਘੱਟ ਹੈ, ਪ੍ਰਮੇਸ਼ਵਰ ਸਾਨੂੰ ਹੋਰ ਬਰਕਤ ਦੇਣ ਲਈ ਉਸਦਾ ਕੁੱਝ ਹਿੱਸਾ ਚਾਹੁੰਦਾ ਹੈ।ਪ੍ਰਮੇਸ਼ਵਰ ਦੇ ਬੱਚਿਆਂ ਦੀ ਬਰਕਤ ਲਈ, ਪ੍ਰਮੇਸ਼ਵਰ ਚਾਹੁੰਦਾ ਹੈ ਕਿ ਉਹ ਆਪਣੀ ਆਮਦਨ ਦਾ ਘੱਟੋ ਘੱਟ ਦਸਵਾਂ ਹਿੱਸਾ ਚਰਚ ਵਿੱਚ ਲਿਆਉਣ ਜਿੱਥੇ ਉਹ ਜਾਂਦੇ ਹਨ। "ਸਾਰੇ ਦਸਵੰਧ ਮੇਰੇ ਮੋਦੀ ਖਾਨੇ ਵਿੱਚ ਲਿਆਓ ਤਾਂ ਜੋ ਮੇਰੇ ਭਵਨ ਵਿੱਚ ਭੋਜਨ ਹੋਵੇ ਅਤੇ ਉਸੇ ਨਾਲ ਮੈਨੂੰ ਜ਼ਰਾ ਪਰਤਾਓ, ਸੈਨਾਂ ਦਾ ਯਹੋਵਾਹ ਆਖਦਾ ਹੈ ਕਿ ਮੈਂ ਤੁਹਾਡੇ ਲਈ ਅਕਾਸ਼ ਦੀਆਂ ਖਿੜਕੀਆਂ ਖੋਲ੍ਹਦਾ ਹਾਂ ਕਿ ਨਹੀਂ ਭਈ ਤੁਹਾਡੇ ਲਈ ਬਰਕਤ ਵਰ੍ਹਾਵਾਂ ਇੱਥੋਂ ਤੀਕ ਕਿ ਉਹਦੇ ਲਈ ਥਾਂ ਨਾ ਹੋਵੇਗਾ" (ਮਲਾਕੀ 3:10)।

ਕਈ ਵਾਰ ਤੁਸੀਂ ਹਰ ਪਾਸਿਓਂ ਦੱਬੇ ਹੋਏ ਹੁੰਦੇ ਹੋ ਅਤੇ ਜੀਵਨ ਇੱਕ ਯੁੱਧ ਬਣ ਜਾਂਦਾ ਹੈ, ਕੋਈ ਛੁਟਕਾਰਾ ਨਹੀਂ ਮਿਲਦਾ ਲਗਾਤਾਰ ਲੜਦੇ ਅਰ ਇੰਤਜਾਰ ਕਰਦੇ ਰਹਿੰਦੇ ਹੋ, ਜੇਕਰ ਤੁਹਾਡੀ ਅਜਿਹੀ ਸਥਿਤੀ ਹੈ ਤਾਂ ਪ੍ਰਮੇਸ਼ਵਰ ਜ਼ਰੂਰ ਚਮਤਕਾਰ ਕਰੇਗਾ। ਇਸ ਲਈ ਸਾਨੂੰ ਤਿੰਨ ਗੱਲਾਂ ਨੂੰ ਅਪਨਾਉਣਾ ਪਵੇਗਾ।

## 1. ਅਸੀਂ ਆਪਣੇ ਅਹੁਦੇ ਨੂੰ ਬਰਕਰਾਰ ਰੱਖਣਾ ਹੈ

ਪ੍ਰਮੇਸ਼ਵਰ ਦੇ ਬੱਚੇ ਇਸ ਸੰਸਾਰ ਲਈ ਨਹੀਂ ਹਨ। ਸਾਡੀ ਨਾਗਰਿਕਤਾ ਸੁਰਗ ਵਿੱਚ ਹੈ (ਫ਼ਿਲਿੱਪੀਆਂ ਨੂੰ 3:20)। ਪ੍ਰਮੇਸ਼ਵਰ ਨੇ ਸਾਨੂੰ ਉਸਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿੱਚ ਸੁਰਗੀ ਥਾਵਾਂ ਉੱਤੇ ਉਸਦੇ ਨਾਲ ਬਿਠਾਇਆ (ਅਫ਼ਸੀਆਂ ਨੂੰ 2:6)। ਕਈ ਵਾਰ ਅਸੀਂ ਮਸੀਹ ਵਿੱਚ ਆਪਣੀ ਉੱਚੀ ਸਥਿਤੀ ਨੂੰ ਭੁੱਲ ਜਾਂਦੇ ਹਾਂ ਅਰ ਨੀਵੇਂ ਕੰਮ ਕਰਦੇ ਹਾਂ।

ਅਸੀਂ ਇਸਨੂੰ ਇੰਞਬਿਆਨ ਕਰ ਸਕਦੇ ਹਾਂ। ਇੱਕ ਅਧਿਕਾਰੀ ਦੀ ਡਿਊਟੀ ਮੁੱਖ ਦਫ਼ਤਰ ਵਿੱਚ ਹੈ; ਉਹ ਉੱਥੋਂ ਕੰਮ ਕਰਦਾ ਹੈ। ਉਹ ਹਮੇਸ਼ਾ ਉੱਥੇ ਨਹੀਂ ਰਹਿੰਦਾ। ਉਹ ਕਈ ਦੇਸ਼ਾਂ ਵਿੱਚ ਜਾਂਦਾ ਹੈ। ਜਦੋਂ ਉਹ ਦੂਸਰੇ ਦੇਸ਼ ਵਿੱਚ ਜਾਂਦਾ ਹੈ ਤਾਂ ਉਸਦੀ ਨਾਗਰਿਕਤਾ ਅਰ ਡਿਊਟੀ ਨਹੀਂ ਬਦਲਦੀ। ਉਹ ਜੋ ਹੈ ਓਹੀ ਰਹਿੰਦਾ ਅਰ ਆਪਣੇ ਦੇਸ਼ ਦਾ ਹੀ ਰਹਿੰਦਾ ਹੈ। ਇਸੇ ਤਰ੍ਹਾਂ ਪ੍ਰਮੇਸ਼ਵਰ ਦੇ ਬੱਚੇ ਭਾਵੇਂ ਸੰਸਾਰ ਦੇ ਕਿਸੇ ਦੇਸ਼ ਦੇ ਵੀ ਹੋਣ, ਪਰੰਤੂ ਉਹ ਸਵਰਗ ਦੇ ਹੀ ਹਨ। ਉਹ ਇਸ ਸੰਸਾਰ ਦੇ ਨਹੀਂ ਹਨ। ਅਸੀਂ ਇਸ ਸੰਸਾਰ ਵਿੱਚ ਓਪਰੇ ਅਰ ਰਾਹੀ ਹਾਂ ਅਰ ਕੁੱਝ ਚਿਰ ਹੀ ਰਹਿਣ ਲਈ ਆਏ ਹਾਂ। ਸਾਡੇ ਦਿਨ ਇਸ ਸੰਸਾਰ ਵਿੱਚ ਪਰਛਾਵੇਂ ਵਰਗੇ ਹਨ (1 ਇਤਹਾਸ29:15)। ਜ਼ਬੂਰਕਾਰ ਲਿਖਦਾ ਹੈ, ਮੈਂ ਧਰਤੀ ਉੱਤੇ ਪਰਦੇਸੀ ਹਾਂ (ਜ਼ਬੂਰਾਂ ਦੀ ਪੋਥੀ 119:19); ਤੇਰੀਆਂ ਬਿਧੀਆਂ ਮੇਰੇ ਮੁਸਾਫ਼ਰੀ ਦੇ ਘਰ ਵਿੱਚ ਮੇਰੇ ਭਜਨ ਸਨ (ਜ਼ਬੂਰਾਂ ਦੀ ਪੋਥੀ 119:54); ਪਤਰਸ ਰਸੂਲ ਆਖਦਾ ਹੈ, ਅਸੀਂ ਚੁਣੇ ਹੋਏ ਪਰਦੇਸੀ ਹਾਂ (1 ਪਤਰਸ 1:1,2)।

ਅਸੀਂ ਇਸ ਸੰਸਾਰ ਵਿੱਚ ਉਪਰੋਕਤ ਤੱਥਾਂ ਨੂੰ ਆਪਣੇ ਮਨ ਵਿੱਚ ਰੱਖਦੇ ਹੋਏ ਜੀਣ ਲਈ ਬੁਲਾਏ ਗਏ ਹਾਂ। ਨਾਲ ਹੀ ਸਾਨੂੰ ਸਵਰਗ ਵਿੱਚ ਧਨ ਇਕੱਠਾ ਕਰਨ ਲਈ ਵੀ ਆਖਿਆ ਗਿਆ ਹੈ (ਮੱਤੀ 6:19,20)। ਅਸੀਂ ਭਾਵੇਂ ਸੰਸਾਰ ਦੇ ਕਿਸੇ ਵੀ ਦੇਸ਼ ਵਿੱਚ ਰਹੀਏ, ਕੋਈ ਵੀ ਬੋਲੀ ਬੋਲੀਏ ਪ੍ਰੰਤੂ ਇਹ ਗੱਲ ਹਿਰਦੇ ਵਿੱਚ ਰੱਖੀਏ ਕਿ ਅਸੀਂ ਪ੍ਰਮੇਸ਼ਵਰ ਦੇ ਰਾਜ ਦੇ ਹਾਂ। ਹਾਲਾਂਕਿ ਸਾਨੂੰ ਉਸ ਮੁਲਕ ਦੇ ਰੀਤੀ ਰਿਵਾਜ਼ ਅਰ ਆਦਤਾਂ ਨੂੰ ਅਪਨਾਉਣਾ ਪਵੇਗਾ ਜਿਸ ਵਿੱਚ ਅਸੀਂ ਰਹਿੰਦੇ ਹਾਂ। ਅਸੀਂ ਸਭ ਗੱਲਾਂ ਲਈ ਪ੍ਰਮੇਸ਼ਵਰ ਦੀ ਮਹਿਮਾ ਕਰੀਏ ਅਰ ਇੱਕ ਦੂਏ ਦੇ ਅਧੀਨ ਰਹੀਏ। ਬਾਈਬਲ ਇਸਨੂੰ ਇੰਞਬਿਆਨ ਕਰਦੀ ਹੈ, "ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਪ੍ਰਮੇਸ਼ਵਰ ਅਰਥਾਤ ਪਿਤਾ ਦਾ ਸਦਾ ਧੰਨਵਾਦ ਕਰੋ ਅਤੇ ਮਸੀਹ ਦੇ ਭੈ ਵਿੱਚ ਇੱਕ ਦੂਏ ਦੇ ਅਧੀਨ ਰਹੋ। ਹੇ ਪਤਨੀਓ, ਤੁਸ ੀਂ ਆਪਣੇ ਪਤੀਆਂ ਦੇ ਅਧੀਨ ਹੋਵੋ ਜਿਵੇਂ ਪ੍ਰਭੂ ਦੇ" (ਅਫ਼ਸੀਆਂ ਨੂੰ 5:20-22)। ਪਤੀਓ ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ (ਅਫ਼ਸੀਆਂ ਨੂੰ 5:25,28)।

ਜਿਵੇਂ ਲਿਖਿਆ ਹੈ, ਤੁਸੀ ਆਪਣੀ ਸਾਰੀ ਚਾਲ ਵਿੱਚ ਪ੍ਰਭੂ ਲਈ ਪਵਿੱਤਰ ਬਣੋ (1 ਪਤਰਸ 1:15)। "ਉਸ ਦਿਨ ਘੋੜਿਆਂ ਦੀਆਂ ਘੰਟੀਆਂ ਉੱਪਰ ਇਹ ਹੋਵੇਗਾ, ਯਹੋਵਾਹ ਲਈ ਪਵਿੱਤਰ" (ਜ਼ਕਰਯਾਹ 14:20)। "ਇਸਰਾਏਲ ਯਹੋਵਾਹ ਲਈ ਪਵਿੱਤਰ ਸੀ, ਉਹਦੀ ਪੈਦਾਵਾਰ ਦਾ ਪਹਿਲਾ ਫ਼ਲ" (ਯਿਰਮਿਯਾਹ 2:3)। "ਇਹ ਉਹ ਹਨ ਜਿਹੜੇ ਤੀਵੀਆਂ ਦੇ ਨਾਲ ਭ੍ਰਿਸ਼ਟ ਨਹੀਂ ਹੋਏ ਕਿਉਂ ਜੋ ਇਹ ਕੁਆਰੇ ਹਨ। ਇਹ ਉਹ ਹਨ ਭਈ ਜਿੱਥੇ ਕਿਤੇ ਲੇਲਾ ਜਾਂਦਾ ਹੈ ਇਹ ਉਹਦੇ ਮਗਰ ਮਗਰ ਤੁਰਦੇ ਹਨ। ਇਹ ਪ੍ਰਮੇਸ਼ਵਰ ਅਰ ਲੇਲੇ ਲਈ ਪਹਿਲਾ ਫ਼ਲ ਹੋਣ ਨੂੰ ਮਨੁੱਖਾਂ ਵਿੱਚੋਂ ਮੁੱਲ ਲਏ ਗਏ ਹਨ" (ਪਰਕਾਸ਼ ਦੀ ਪੋਥੀ 14:4)।

ਸਾਡੀ ਸਵਰਗੀ ਨਾਗਰਿਕਤਾ ਸਾਡੇ ਸਾਰੇ ਚਾਲ ਚਲਣ ਵਿੱਚ ਦਿਖਾਈ ਦੇਣੀ ਚਾਹੀਦੀ ਹੈ। ਸਾਨੂੰ ਪੂਰੀ ਚੌਕਸੀ ਨਾਲ ਇਸਦੀ ਰਾਖੀ ਕਰਨੀ ਹੈ। ਕਈ ਵਾਰ ਅਸੀਂ ਪੁੱਛ ਸਕਦੇ ਹਾਂ, ਮੈਂ ਹੋਰਾਂ ਵਾਂਗ ਕਿਉਂ ਗਲਤੀਆਂ ਨਹੀਂ ਕਰ ਸਕਦਾ? ਮੈਂ ਇਸ ਸੰਸਾਰ ਵਿੱਚ ਕਿਵੇਂ ਰਹਾਂਗਾ, ਜੇਕਰ ਮੈਂ ਉਹ ਨਹੀਂ ਕਰਾਂਗਾ ਜੋ ਦੂਏ ਕਰਦੇ ਹਨ? ਅਜਿਹੀ ਸਥਿਤੀ ਵਿੱਚ ਸਾਡੇ ਕੋਲ ਹੱਲ ਹੋਣਾ ਚਾਹੀਦਾ ਹੈ ਕਿ ਭਾਵੇਂ ਦੂਏ ਕਰਨ ਮੈਨੂੰ ਨਹੀਂ ਕਰਨਾ ਚਾਹੀਦਾ। ਮੇਰੇ ਪਾਸਟਰ ਰੈਵ. ਸੁੰਦਰਾਮ ਇਸ ਤਰ੍ਹਾਂ ਕਹਿੰਦੇ ਸਨ: "ਦੂਏ ਭਾਵੇਂ ਕਰਨ, ਪਰ ਮੈਨੂੰ ਨਹੀਂ ਕਰਨਾ ਚਾਹੀਦਾ ਅਰ ਮੈਂ ਨਹੀਂ ਕਰਾਂਗਾ।

ਸੋ, ਸਭ ਹਲਾਤਾਂ ਵਿੱਚ ਸਾਨੂੰ ਵਿਲੱਖਣ ਅਰ ਅਲੱਗ ਜੀਵਨ ਜੀਣਾ ਚਾਹੀਦਾ ਹੈ।ਕਈ ਮਸੀਹੀ ਕਹਿੰਦੇ ਹਨ ਕਿ ਉਹਨਾਂ ਦੇ ਆਤਮਿਕ ਜੀਵਨ ਅਤੇ ਸੰਸਾਰਕ ਕੰਮਾਂ ਅਰ ਪੇਸ਼ਿਆਂ ਵਿਚਕਾਰ ਕੋਈ ਸੰਬੰਧ ਨਹੀਂ ਹੈ। ਜੋ ਖੁਸ਼ੀ, ਪਿਆਰ ਅਰ ਸੱਚਾਈ ਉਹਨਾਂ ਨੂੰ ਚਰਚ ਅੰਦਰ ਮਿਲਦੀ ਹੈ ਉਹ ਉਹਨਾਂ ਦੇ ਕੰਮ ਦੀ ਥਾਂ ਅਤੇ ਪੇਸ਼ੇ ਵਿੱਚ ਨਹੀਂ ਮਿਲਦੀ। ਕਈ ਆਪਣਾ ਕੰਮ ਕਰਦੇ ਹੋਏ ਪ੍ਰਮੇਸ਼ਵਰ ਲਈ ਵੀ ਕੰਮ ਕਰਦੇ ਹਨ। ਉਹ ਆਪਣੇ ਵਪਾਰ ਵਿੱਚ ਸੱਚਾਈ ਤੇ ਕਾਇਮ ਨਹੀਂ ਰਹਿੰਦੇ।ਜਿਹੜੇ ਕੰਮ ਕਰਦੇ ਹਨ, ਉਹ ਹੋਰਾਂ ਵਾਂਗ ਕੰਮ ਅਰ ਵਪਾਰ ਕਰਦੇ ਹਨ, ਆਪਣਾ ਕੰਮ ਕਾਜ ਦੂਸਰਿਆਂ ਵਾਂਗ ਕਰਦੇ ਹਨ, ਜਿਨ੍ਹਾਂ ਵਿੱਚੋਂ ਵਧੇਰੇ ਬੇਈਮਾਨ ਹੁੰਦੇ ਹਨ। ਉਹ ਦੂਜਿਆਂ ਨੂੰ ਧੋਖਾ ਦਿੰਦੇ ਹਨ। ਉਹ ਆਪਣੇ ਵਪਾਰ ਦੇ ਹੁਨਰ (ਚਲਾਕੀਆਂ) ਅਰ ਤਕਨੀਕਾਂ ਦਾ ਇਸਤੇਮਾਲ ਪ੍ਰਭੂ ਦੀ ਸੇਵਕਾਈ ਵਿੱਚ ਅਰ ਆਪਣੇ ਪਾਸਟਰਾਂ ਨਾਲ ਵੀ ਕਰਦੇ ਹਨ, ਜੋ ਉਹਨਾਂ ਨੂੰ ਭੋਜਨ ਦਿੰਦੇ ਹਨ। ਜਦੋਂ ਉਹਨਾਂ ਨੂੰ ਸਮਝਾਇਆ ਜਾਂਦਾ ਹੈ ਤਾਂ ਉਹ ਇੰਞਆਖਦੇ ਹਨ: "ਸੇਵਕਾਈ ਅਤੇ ਵਪਾਰ ਅਲੱਗ ਹਨ"। ਇਹ ਵਿਚਾਰ ਬਿਲਕੁਲ ਗਲਤ ਹੈ।ਪ੍ਰਮੇਸ਼ਵਰ ਦੇ ਬੱਚਿਆਂ ਨੂੰ ਆਪਣੇ ਜੀਵਨ ਦੇ ਹਰ ਖੇਤਰ ਵਿੱਚ ਪ੍ਰਮੇਸ਼ਵਰ ਦੇ ਸੱਚੇ ਸੇਵਕ ਹੁੰਦੇ ਹੋਏ ਆਪਣੀ ਪਵਿੱਤਰਤਾ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਅਸੀਂ ਕਿਸੇ ਗੱਲ ਵਿੱਚ ਠੋਕਰ ਨਹੀਂ ਖੁਆਉਂਦੇ ਭਈ ਕਿਤੇ ਸਾਡੀ ਸੇਵਕਾਈ ਉੱਤੇ ਹਰਫ਼ ਨਾ ਆਵੇ (2 ਕੁਰਿੰਥੀਆਂ ਨੂੰ 6:3)।

### ਇੱਕ ਅਨੁਭਵ:

ਇੱਕ ਵਾਰ ਮੈਂ ਪ੍ਰਭੂ ਦੇ ਇੱਕ ਮਸ਼ਹੂਰ ਸੇਵਕ ਕੋਲ, ਜੋ ਪ੍ਰਭੂ ਦੀ ਸੇਵਾ ਕਰਦੇ ਅਤੇ ਸੰਗੀਤ-ਸਾਜ਼ ਅਕੌਰਡੀਅਨ ਦਾ ਵਪਾਰ (ਖਰੀਦਣਾ ਅਰ ਵੇਚਣਾ) ਕਰਦੇ ਸਨ ਆਪਣੇ ਲਈ ਸਾਜ਼ ਖਰੀਦਣ ਲਈ ਗਿਆ। ਇੱਕ ਸਾਜ਼ ਨੂੰ ਵਿਖਾਉਂਦੇ ਹੋਏ ਉਹਨਾਂ ਮੈਨੂੰ ਆਖਿਆ ਕਿ ਇਹ ਸਾਜ਼ ਦੁਨੀਆਂ ਦੀ ਸਭ ਤੋਂ ਵਧੀਆ ਕੰਪਨੀ ਨੇ ਬਣਾਇਆ ਹੈ। ਮੈਂ ਪੈਸੇ ਦਿੱਤੇ ਅਰ ਸਾਜ਼ ਖਰੀਦ ਲਿਆ। ਮੰਦਭਾਗੀਂ, ਹਫ਼ਤੇ ਵਿੱਚ ਹੀ ਮੈਨੂੰ ਸੇਵਕਾਈ ਲਈ ਪੈਸਿਆਂ ਦੀ ਸਖ਼ਤ ਲੋੜ ਪੈ ਗਈ। ਸੋ ਮੈਂ ਆਪਣਾ ਨਵਾਂ ਖ਼ਰੀਦਿਆ ਹੋਇਆ ਅਕੌਰਡੀਅਨ ਲਿਆ ਅਰ

ਉਹਨਾਂ ਨੂੰ ਆਪਣੀ ਸਥਿਤੀ ਦੱਸੀ ਅਰ ਸਾਜ਼ ਵੇਅਚਣ ਦੀ ਪੇਸ਼ਕਸ਼ ਕੀਤੀ। ਉਸਨੇ ਝੱਟ ਮੈਨੂੰ ਕਿਹਾ, "ਇਸਨੂੰ ਕੌਣ ਖ਼ਰੀਦੇਗਾ? ਇਸਨੂੰ ਬਣਾਉਣ ਵਾਲੀ ਕੰਪਨੀ ਵੀ ਹੁਣ ਬਜ਼ਾਰ ਵਿੱਚ ਨਹੀਂ ਹੈ। ਕਈ ਸਾਲ ਪਹਿਲਾਂ ਉਹਨਾਂ ਨੇ ਆਪਣੀ ਫ਼ੈਕਟਰੀ ਬੰਦ ਕਰ ਦਿੱਤੀ ਸੀ। ਇਹ ਇੱਕ ਬੇਕਾਰ ਸਾਜ਼ ਹੈ। ਇਹ ਵਿਕਣਯੋਗ ਨਹੀਂ ਹੈ"। ਅਰ ਉਸਨੇ ਮੈਨੂੰ ਕਿਹਾ ਕਿ ਇਸਨੂੰ ਘਰ ਲੈ ਜਾਓ। ਪ੍ਰਮੇਸ਼ਵਰ ਦੇ ਪਿਆਰੇ ਬੱਚਿਓ, ਸਾਨੂੰ ਅਜਿਹੇ ਨਹੀਂ ਬਣਨਾ ਚਾਹੀਦਾ। ਸਾਨੂੰ ਪ੍ਰਮੇਸ਼ਵਰ ਦੇ ਬੱਚੇ ਹੋਣ ਦੀ ਉਪਾਧੀ ਤੋਂ ਫ਼ਿਸਲਣਾ ਨਹੀਂ ਚਾਹੀਦਾ। ਉਹਨਾਂ ਮਸੀਹੀਆਂ ਨੂੰ ਜਿਹੜੇ ਭਿੰਨ ਭਿੰਨ ਪੇਸ਼ਿਆਂ ਵਿੱਚ ਕੰਮ ਕਰਦੇ ਹਨ ਬੜੇ ਚੌਕਸ ਰਹਿਣਾ ਅਰ ਸਭ ਗੱਲਾਂ ਵਿੱਚ ਆਪਣੀ ਉਪਾਧੀ ਨੂੰ ਫ਼ੜ ਕੇ ਰੱਖਣਾ ਚਾਹੀਦਾ ਹੈ।

ਵਿਸ਼ਵਾਸੀਆਂ ਨੂੰ ਸੰਸਾਰਕ ਲੋਕਾਂ ਵਿੱਚ ਘੁਲਣਾ ਨਹੀਂ ਚਾਹੀਦਾ ਅਰ ਸ਼ਰਾਬਖ਼ੋਰੀ, ਨਾਚਰੰਗ, ਰਿਸ਼ਵਤ ਲੈਣ, ਨਸ਼ਾ ਵੇਚਣ, ਵਪਾਰ ਦੀਆਂ ਹੇਰਾਫੇਰੀਆਂ ਆਦਿ ਵਿੱਚ ਨਹੀਂ ਫ਼ਸਣਾ ਚਾਹੀਦਾ। ਮੈਨੂੰ ਬਹੁਤ ਸਾਰੇ ਵਪਾਰੀਆਂ ਨੇਂ ਧੋਖਾ ਦਿੱਤਾ।

## ਇੱਕ ਹੋਰ ਅਨੁਭਵ:

ਇੱਕ ਵਾਰ ਮੈਂ ਆਪਣੇ ਇੱਕ ਮਿੱਤਰ ਨੂੰ ਇੱਕ ਮਸ਼ਹੂਰ ਡਾਕਟਰ ਕੋਲ ਲੈ ਕੇ ਗਿਆ। ਅਸੀਂ ਦੋਵੇਂ ਉਸਦੇ ਕਮਰੇ ਵਿੱਚ ਗਏ। ਅੰਦਰ ਡਾਕਟਰੀ ਦੇ ਬਹੁਤ ਸਾਰੇ ਯੰਤਰ ਪਏ ਹੋਏ ਸਨ। ਪਰੰਤੂ ਕਮਰੇ ਵਿਚਲੀ ਕੁਰਸੀ ਖਾਲੀ ਸੀ। ਜਦੋਂ ਅਸੀਂ ਅੰਦਰ ਗਏ ਤਾਂ ਅਸੀਂ ਵੇਖਿਆ ਕੁੱਝ ਲੋਕ ਗੱਲਾਂ ਕਰ ਰਹੇ ਅਰ ਹੱਸ ਰਹੇ ਸਨ। ਅਸੀਂ ਇੱਕ ਵਿਅਕਤੀ ਨੂੰ ਗੁੱਡ ਮੌਰਨਿੰਗ ਕਿਹਾ ਅਰ ਇਹ ਸੋਚ ਕੇ ਕਿ ਇਹ ਓਹੀ ਡਾਕਟਰ ਹੈ ਜਿਸਨੂੰ ਅਸੀਂ ਮਿਲਣਾ ਹੈ ਆਪਣੇ ਮਿੱਤਰ ਦੀ ਬਿਮਾਰੀ ਬਾਰੇ ਦੱਸਣ ਲੱਗੇ। ਜਲਦੀ ਹੀ ਉਸਨੇ ਇੱਕ ਹੋਰ ਵਿਅਕਤੀ ਨੂੰ ਮਿਲਣ ਲਈ ਇਸ਼ਾਰਾ ਕੀਤਾ। ਸਾਡਾ ਆਦਰ ਇੱਕ ਗਲਤ ਵਿਅਕਤੀ ਲਈ ਚਲਾ ਗਿਆ! ਜਿਹੜੀ ਉਪਾਧੀ ਪ੍ਰਮੇਸ਼ਵਰ ਨੇ ਦਯਾ ਸਦਕਾ ਸਾਨੂੰ ਦਿੱਤੀ ਹੈ ਉਹ ਪੂਰੇ ਸਨਮਾਨ ਨਾਲ ਸਾਂਭੀ ਜਾਣੀ ਚਾਹੀਦੀ ਹੈ। ਸਾਨੂੰ ਇਸਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। "ਇਸੇ ਮੁਕਤੀ ਦੇ ਵਿਖੇ ਉਹਨਾਂ ਨਬੀਆਂ ਨੇ ਵੱਡੀ ਭਾਲ ਅਤੇ ਖ਼ੋਜ ਵਿਚਾਰ ਕੀਤੀ ਜਿਨ੍ਹਾਂ ਉਸ ਕਿਰਪਾ ਦੇ ਵਿਖੇ ਜੋ ਤੁਹਾਡੇ ਉੱਤੇ ਹੋਣ ਵਾਲੀ ਸੀ ਅਗੰਮ ਵਾਕ ਕੀਤਾ ਅਤੇ ਉਹ ਇਹ ਖ਼ੋਜ ਵਿਚਾਰ ਕਰਦੇ ਸਨ ਭਈ ਮਸੀਹ ਦਾ ਆਤਮਾ ਜਿਹੜਾ ਉਹਨਾਂ ਵਿੱਚ ਸੀ ਜਦ ਮਸੀਹ ਦਿਆਂ ਦੁੱਖਾਂ ਦੇ ਅਰ ਉਹਨਾਂ ਦੇ ਪਿੱਛੋਂ ਦੀ ਮਹਿਮਾਂ ਦੇ ਵਿਖੇ ਅੱਗੋਂ ਹੀ ਸਾਖ਼ੀ ਦਿੰਦਾ ਸੀ ਤਦ ਉਹ ਕਿਹੜੇ ਅਥਵਾ ਕਿਹੋ ਜਿਹੇ ਸਮੇਂ ਦਾ ਪਤਾ ਦਿੰਦਾ ਸੀ" (1 ਪਤਰਸ 1:10,11)।

ਪ੍ਰਮੇਸ਼ਵਰ ਦੇ ਬੱਚਿਆਂ ਨੂੰ ਹਰ ਸਮੇਂ ਉਸ ਉਪਾਧੀ ਦਾ ਸਨਮਾਨ ਕਰਨਾ ਚਾਹੀਦਾ ਹੈ ਜਿਹੜੀ ਸਾਨੂੰ ਪ੍ਰਮੇਸ਼ਵਰ ਨੇ ਦਿੱਤੀ ਹੈ। ਵਿਸ਼ਵਾਸੀਆਂ ਅਰ ਪ੍ਰਮੇਸ਼ਵਰ ਦੇ ਸੇਵਕਾਂ ਨੂੰ ਆਪਣੀਆਂ ਜਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਬੜਾ ਚੌਕਸ ਰਹਿਣਾ ਚਾਹੀਦਾ ਹੈ।ਪ੍ਰਮੇਸ਼ਵਰ ਦੇ ਬੱਚੇ ਇਸ ਸੰਸਾਰ ਵਿੱਚ ਉੱਚੇ ਹਨ। ਭਾਵੇਂ ਉਹ ਇਸ ਸੰਸਾਰ ਵਿੱਚ ਰਹਿੰਦੇ ਹਨ, ਪਰੰਤੂ ਉਹਨਾਂ ਦਾ ਆਉਣ ਵਾਲਾ ਦੇਸ਼ ਪ੍ਰਮੇਸ਼ਵਰ ਦਾ ਰਾਜ ਹੈ।

## 2. ਮੁਕਤੀ ਦਾ ਬਸਤਰ

ਮੈਂ ਯਹੋਵਾਹ ਵਿੱਚ ਬਹੁਤ ਖੁਸ਼ ਹੋਵਾਂਗਾ, ਮੇਰਾ ਜੀ ਮੇਰੇ ਪ੍ਰਮੇਸ਼ਵਰ ਵਿੱਚ ਮਗਨ ਹੋਵੇਗਾ, ਕਿਉਂਕਿ ਓਸ ਮੈਨੂੰ ਮੁਕਤੀ ਦੇ ਬਸਤਰ ਪਵਾਏ, ਓਸ ਧਰਮ ਦੇ ਚੋਗੇ ਨਾਲ ਮੈਨੂੰ ਕੱਜਿਆ, ਜਿਵੇਂ ਲਾੜਾ ਸਿਹਰੇ ਨਾਲ ਆਪ ਨੂੰ ਸੁਆਰਦਾ ਅਤੇ ਲਾੜੀ ਆਪਣਿਆਂ ਗਹਿਣਿਆਂ ਨਾਲ ਆਪ ਨੂੰ ਸ਼ਿੰਗਾਰਦੀ ਹੈ (ਯਸਾਯਾਹ 61:10)।

ਬਸਤਰ ਆਦਮੀ ਨੂੰ ਬਣਾਉਂਦਾ ਹੈ। ਹਸਪਤਾਲ ਵਿੱਚ ਡਾਕਟਰਾਂ ਅਰ ਪੈਰਾ-ਮੈਡੀਕਲ ਸਟਾਫ਼ ਨੂੰ ਉਹਨਾਂ ਦੀ ਡਿਊਟੀ ਦੇ ਅਨੁਸਾਰ ਭਿੰਨ ਭਿੰਨ ਤਰ੍ਹਾਂ ਦੇ ਬਸਤਰ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਹੀ ਚੌਂਕੀਦਾਰ, ਮਿਸਤਰੀ, ਨਰਸਾਂ ਅਰ ਡਾਕਟਰਾਂ ਨਾਲ ਵੀ ਹੁੰਦਾ ਹੈ। ਉਹਨਾਂ ਦਾ ਬਸਤਰ ਉਹਨਾਂ ਦੀ ਡਿਊਟੀ ਬਿਆਨ ਕਰਦਾ ਹੈ।

ਇਸੇ ਤਰ੍ਹਾਂ ਉਹਨਾਂ ਲੋਕਾਂ ਨੂੰ ਜੋ ਯਿਸੂ ਮਸੀਹ ਦੇ ਲਹੂ ਨਾਲ ਧੁਲੇ ਹਨ ਮੁਕਤੀ ਦਾ ਬਸਤਰ (ਲਿਬਾਸ) ਦਿੱਤਾ ਜਾਂਦਾ ਹੈ। "ਭਈ ਤੁਸੀਂ ਅਗਲੇ ਚਲਣ ਦੀ ਉਹ ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ, ਅਤੇ ਆਪਣੇ ਮਨ ਦੇ ਸੁਭਾਓ ਵਿੱਚ ਨਵੇਂ ਬਣੋ, ਅਤੇ ਨਵੀਂ ਇਨਸਾਨੀਅਤ ਨੂੰ ਪਹਿਨ ਲਓ ਜਿਹੜੀ ਪ੍ਰਮੇਸ਼ਵਰ ਦੇ ਅਨੁਸਾਰ ਸੱਚਾਈ ਦੇ ਧਰਮ ਅਤੇ ਪਵਿੱਤਰਤਾਈ ਵਿੱਚ ਉਤਪਤ ਹੋਈ" (ਅਫ਼ਸੀਆਂ ਨੂੰ 4:22-24)।

ਕਈ ਲੋਕ ਸਾਡੇ ਜਾਣੂ ਨਹੀਂ ਹੁੰਦੇ, ਪਰੰਤੂ ਜੇਕਰ ਉਹ ਮੁਕਤੀ ਪਾਏ ਹੋਏ ਹੋਣ ਤਾਂ ਅਸੀਂ ਉਹਨਾਂ ਅੰਦਰ ਪ੍ਰਮੇਸ਼ਵਰ ਦੇ ਸੁਭਾਅ ਅਰ ਮੁਕਤੀ ਦੀ ਖੁਸ਼ੀ ਨੂੰ ਵੇਖ ਸਕਦੇ ਹਾਂ। ਕੇਵਲ ਸਾਡੇ ਚਰਚ ਵਿੱਚ ਹੀ ਨਹੀਂ ਸਗੋਂ ਸਾਡੇ ਕੰਮ ਵਾਲੀ ਜਗ੍ਹਾ ਤੇ, ਮਾਰਕੀਟ ਵਿੱਚ ਅਤੇ ਹੋਰ ਥਾਵ੍ਹਾਂ ਤੇ ਵੀ ਜੇਕਰ ਲੋਕ ਸਾਨੂੰ ਪ੍ਰਮੇਸ਼ਵਰ ਦੇ ਬੱਚਿਆਂ ਦੇ ਰੂਪ ਵਿੱਚ ਪਹਿਚਾਣ ਸਕਣ ਤਾਂ ਪ੍ਰਮੇਸ਼ਵਰ ਦੀ ਬਰਕਤ ਸਾਡੇ ਨਾਲ ਹੋਵੇਗੀ।

ਇਨ੍ਹੀਂ ਦਿਨੀਂ ਆਤਮਿਕ ਲੋਕ ਵੀ ਪ੍ਰਭੂ, ਪ੍ਰਮੇਸ਼ਵਰ, ਮੁਕਤੀ, ਪ੍ਰਾਰਥਨਾ ਆਦਿ ਸ਼ਬਦਾਂ ਦੀ ਵਰਤੋਂ ਹੋਰ ਲੋਕਾਂ ਵਿੱਚ ਕਰਨ ਤੋਂ ਝਿਜਕਦੇ ਹਨ। ਕਈ ਮਹਿਸੂਸ ਕਰਦੇ ਹਨ ਕਿ ਬਾਈਬਲ ਨੂੰ ਆਪਣੇ ਹੱਥ ਵਿੱਚ ਲੈ ਕੇ ਚਰਚ ਜਾਣਾ ਉਹਨਾਂ ਦੀ ਸ਼ਾਨ ਦੇ ਖਿਲਾਫ਼ ਹੈ। ਅੱਜ ਦੇ ਲੋਕ ਇਸ ਤੱਥ ਤੋਂ ਅਨਜਾਣ ਹਨ ਕਿ, "ਜਿਹੜੇ ਹੱਥ ਪਵਿੱਤਰ ਬਾਈਬਲ ਨੂੰ ਉਠਾਉਂਦੇ ਅਰ ਗੋਡੇ

(ਚਲਦਾ ਸਫਾ 6 ਤੇ)

नहेम्याह बाइबल कॉलेज
रेसिडेन्शल कॉलेज, चेन्नई।
माध्यमः हिन्दी
*सदस्यता के लिए पंजीकृत उम्मीदवार* - ATA
सुविख्यात अंतर्राष्ट्रीय मसीही अगुवे तथा पिछले 53 वर्षों से सेवारत वरिष्ठ पासवान
सर्टिफिकेट इन थियोलॉजी – 1 साल
डिप्लोमा ऑफ थियोलॉजी – 2 साल
योग्यता 10 वी या अधिक जल्दी करें!
**Contact : The Chairman, Nehemiah Bible College.**
10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org
★ ऑनलाइन कक्षाएं उपलब्ध हैं ★

ECHO OF HIS CALL MINISTRIES SINCE 1969

# GREAT COMMISSION PARTNERS
## ਮਹਾਨ ਆਦੇਸ਼ ਸਹਿਭਾਗੀ



TO SHARE (Galatians 6:2) SUPPORT (Romans 12:13) SPEEDUP (II Timothy 1:6)
ਵੰਡਣਾ (ਗਲਾਤੀਆਂ ੬:੨) ਸਹਾਇਤਾ ਕਰਨਾ(ਰੋਮੀਆਂ ੧੨:੧੩) ਤੇਜ਼ੀ ਕਰਨਾ (੨ਤਿਮੋਥੀਅਸ ੧:੬)

## 19 ਅਗਸਤ 2022 ਤੋਂ 18 ਸਤੰਬਰ 2022 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

### ਵਡਿਆਈ ਦੇ ਮੁੱਦੇ

19 ਅਗਸਤ: ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਦੇ ਦਸਵੀਂ ਜਮਾਤ ਦੇ ਸਭ ਵਿਦਿਆਰਥੀਆਂ ਦੇ ਬੋਰਡ ਦੀ ਸਰਕਾਰੀ ਪ੍ਰੀਖਿਆ ਵਿੱਚ 100% ਨਤੀਜਾ ਪ੍ਰਾਪਤ ਕਰਨ ਲਈ।

20 ਅਗਸਤ: ਬੁਲਾਵੇ ਦੀ ਗੂੰਜ ਦੇ ਐਸੋਸੀਏਟ ਸੰਪਾਦਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ।

21 ਅਗਸਤ: ਸਾਡੇ ਪਾਸਟਰਾਂ, ਮੁੱਖ ਚਰਚ ਦੇ ਬਜ਼ੁਰਗ ਮੈਂਬਰਾਂ ਅਤੇ ਬ੍ਰਾਂਚ ਚਰਚਾਂ ਲਈ।

22 ਅਗਸਤ: ਸਾਡੀ ਸੁਸਮਾਚਾਰ ਪ੍ਰਿੰਟਿੰਗ ਪ੍ਰੈਸ ਇਸਦੇ ਕੁਸ਼ਲ ਕਰਮਚਾਰੀਆਂ ਅਰ ਇਸਦੇ ਨਿਰੰਤਰ ਕੰਮ ਕਰਨ ਲਈ।

23 ਅਗਸਤ: ਕਿਉਂਕਿ ਉਸਨੇ ਸਾਨੂੰ ਗੋਸਪਲ ਪ੍ਰਿੰਟਿੰਗ ਪ੍ਰੈੱਸ ਵਿੱਚ ਬੁਲਾਵੇ ਦੀ ਗੂੰਜ ਨੂੰ 16 ਭਾਸ਼ਾਵਾਂ ਵਿੱਚ ਛਾਪਣ ਅਰ ਵੱਖ ਵੱਖ ਥਾਵਾਂ ਤੇ ਭੇਜਣ ਯੋਗ ਬਣਾਇਆ।

24 ਅਗਸਤ: ਮਿਸ਼ਨ ਖੇਤਰ ਵਿੱਚ ਸਾਡੇ ਮਿਸ਼ਨਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸੁਰੱਖਿਆ ਕਰਨ ਲਈ।

25 ਅਗਸਤ: ਮੁੱਖ ਚਰਚ ਅਤੇ ਬ੍ਰਾਂਚਾਂ ਵਿਖੇ ਸਾਡੀਆਂ ਐਤਵਾਰ ਦੀਆਂ ਸੇਵਾਵਾਂ ਅਤੇ ਵਚਨ ਲਈ।

26 ਅਗਸਤ: ਸਾਡੇ ਚਰਚਾਂ ਵਿੱਚ ਨਵੇਂ ਮੈਂਬਰਾਂ ਦੇ ਜੁੜਨ ਲਈ।

27 ਅਗਸਤ: ਸਾਡੇ ਸਮਰਥਕਾਂ ਦੀ ਅਸੀਸ ਲਈ।

28 ਅਗਸਤ: ਸਾਡੇ ਸੀਨੀਅਰ ਪਾਸਟਰ ਅਤੇ ਉਨ੍ਹਾਂ ਦੇ ਪਰਿਵਾਰ ਦੀ ਸੁਰੱਖਿਆ ਲਈ।

29 ਅਗਸਤ: ਸਾਡੇ ਐਸੋਸੀਏਟ ਐਡੀਟਰਾਂ ਅਤੇ ਉਨ੍ਹਾਂ ਦੇ ਸਹਿਯੋਗ ਲਈ।

30 ਅਗਸਤ: ਸਾਡੇ ਨਹਮਯਾਹ ਬਾਈਬਲ ਕਾਲਜ ਲਈ ਨਵੇਂ ਵਿਦਿਆਰਥੀ ਮੁਹੱਈਆ ਕਰਨ ਲਈ।

31 ਅਗਸਤ : ਪਿਛਲੇ ਮਹੀਨੇ ਸਾਡੀਆਂ ਲੋੜਾਂ ਪੂਰੀਆਂ ਕਰਨ ਲਈ।

01 ਸਤੰਬਰ: ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ, ਨਹਮਯਾਹ ਬਾਈਬਲ ਕਾਲਜ ਅਤੇ ਪੱਤਰ-ਵਿਹਾਰ ਕੋਰਸਾਂ 'ਤੇ ਪ੍ਰਮੇਸ਼ਵਰ ਦੀਆਂ ਅਸੀਸਾਂ ਲਈ।

02 ਸਤੰਬਰ: ਮਿਸ਼ਨ ਵਰਕਰਾਂ ਦੀ ਮਹਾਨ ਵਚਨਬੱਧਤਾ ਲਈ।

03 ਸਤੰਬਰ: ਸੇਂਟ ਪਾਲ ਮੈਟ੍ਰਿਕੁਲੇਸ਼ਨ ਸਕੂਲ ਵਿੱਚ ਨਵੇਂ ਦਾਖਲਿਆਂ ਲਈ।

### ਪ੍ਰਾਰਥਨਾ ਦੇ ਮੁੱਦੇ

04 ਸਤੰਬਰ: ਸਾਡੀ ਸੇਵਕਾਈ ਅਰ ਗਤੀਵਿਧੀਆਂ ਦੇ ਵਿਸਥਾਰ ਲਈ।

05 ਸਤੰਬਰ: ਸੇਵਕਾਈ ਗਤੀਵਿਧੀਆਂ ਵਿੱਚ ਸਾਡੇ ਭਾਈਵਾਲਾਂ ਅਤੇ ਬੁਲਾਵੇ ਦੀ ਗੂੰਜ ਦੇ ਸਟੇਟ ਕੋਆਰਡੀਨੇਟਰਾਂ ਲਈ।

06 ਸਤੰਬਰ: ਸਾਡੀ ਸੇਵਕਾਈ ਦੇ ਵਾਧੇ ਅਤੇ ਸੁਸਮਾਚਾਰ ਦੇ ਵਿਸ਼ਵਵਿਆਪੀ ਪ੍ਰਸਾਰ ਲਈ।

07 ਸਤੰਬਰ: ਸੁਸਮਾਚਾਰ ਸਹਿਤ ਭਾਰਤ ਦੇ ਅਣਪਹੁੰਚੇ ਸਥਾਨਾਂ ਤੱਕ ਸਾਡੇ ਪਹੁੰਚਣ ਲਈ।

08 ਸਤੰਬਰ: ਸਾਰੀਆਂ ਕੌਮਾਂ ਦੀ ਏਕਤਾ ਅਤੇ ਸ਼ਾਂਤੀ ਲਈ।

09 ਸਤੰਬਰ: ਸਾਡੇ ਮੁੱਖ ਚਰਚ ਅਤੇ ਬ੍ਰਾਂਚ ਚਰਚਾਂ ਦੇ ਸਾਰੇ ਮੈਂਬਰਾਂ ਦੀ ਖੁਸ਼ਹਾਲੀ ਲਈ।

10 ਸਤੰਬਰ: ਵਿਸ਼ਵ ਭਰ ਵਿੱਚ ਸਾਰੀਆਂ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ।

11 ਸਤੰਬਰ: ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੀ ਹਰ ਤਰ੍ਹਾਂ ਦੀਆਂ ਦੁਸ਼ਟ ਤਾਕਤਾਂ ਤੋਂ ਸੁਰੱਖਿਆ ਲਈ।

12 ਸਤੰਬਰ: ਸਾਡੇ ਸਟਾਫ਼ ਅਤੇ ਪ੍ਰਿੰਟਰਾਂ ਦੇ ਉਹਨਾਂ ਦੇ ਕੰਮ ਦੇ ਸਮੇਂ ਦੌਰਾਨ ਸੁਰੱਖਿਅਤ ਅਤੇ ਸਿਹਤਮੰਦ ਰਹਿਣ ਲਈ।

13 ਸਤੰਬਰ: ਸਾਡੇ ਨਹਮਯਾਹ ਬਾਈਬਲ ਕਾਲਜਾਂ ਵਿੱਚ ਹੋਰ ਨਵੇਂ ਵਿਦਿਆਰਥੀ ਆਉਣ ਲਈ।

14 ਸਤੰਬਰ: ਹਰ ਸ਼ਰਾਬੀ ਅਤੇ ਬੁਰਾਈ ਕਰਨ ਵਾਲੇ ਦੇ ਤੌਬਾ ਕਰਨ ਲਈ।

15 ਸਤੰਬਰ: ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਵਿੱਚ 2022-23 ਅਕਾਦਮਿਕ ਸਾਲ ਲਈ ਹੋਰ ਨਵੇਂ ਦਾਖਲੇ ਹੋਣ ਲਈ।

16 ਸਤੰਬਰ: ਇਸ ਮਹੀਨੇ ਦੀਆਂ ਸਾਡੀਆਂ ਲੋੜਾਂ ਪੂਰੀਆਂ ਹੋਣ ਲਈ।

17 ਸਤੰਬਰ: ਦੁਨੀਆ ਭਰ ਦੇ ਸਾਰੇ ਮਸੀਹੀਆਂ ਵਿਚਕਾਰ ਸ਼ਾਂਤੀ ਅਤੇ ਖੁਸ਼ਹਾਲੀ ਆਉਣ ਲਈ।

18 ਸਤੰਬਰ: ਸਾਡੇ ਰਾਜ ਕੋਆਰਡੀਨੇਟਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਤੰਦਰੁਸਤੀ ਲਈ।

(ਸਫਾ 4 ਤੋਂ ਚਲਦਾ-)

ਜਿਹੜੇ ਪ੍ਰਮੇਸ਼ਵਰ ਅੱਗੇ ਪ੍ਰਾਰਥਨਾਂ ਵਿੱਚ ਝੁਕਦੇ ਹਨ ਜੀਵਨ ਵਿੱਚ ਕਦੇ ਨਹੀਂ ਹਾਰਦੇ"।

ਇੱਕ ਵਾਰ ਮੈਂ ਆਪਣੇ ਪਰਿਵਾਰ ਨਾਲ ਭੋਜਨ ਕਰਨ ਲਈ ਇੱਕ ਹੋਟਲ ਤੇ ਗਿਆ। ਖਾਣ ਤੋਂ ਪਹਿਲਾਂ ਅਸੀਂ ਪ੍ਰਮੇਸ਼ਵਰ ਅੱਗੇ ਚੰਗੇ ਦਿਨ ਅਰ ਭੋਜਨ ਲਈ ਪ੍ਰਾਰਥਨਾ ਕੀਤੀ। ਜਦੋਂ ਅਸੀਂ ਪ੍ਰਾਰਥਨਾ ਖ਼ਤਮ ਕੀਤੀ ਤਾਂ ਅਸੀਂ ਵੇਖਿਆ ਕਿ ਨੇੜੇ ਦੇ ਟੇਬਲ ਤੇ ਬੈਠੇ ਕੁੱਝ ਮਸੀਹੀ ਸਾਡਾ ਮਜ਼ਾਕ ਉਡਾਉਂਦੇ ਹੋਏ ਹੱਸ ਰਹੇ ਸਨ। ਉਹਨਾਂ ਦੀ ਤੱਕਣੀ ਅਰ ਕੰਮ ਇੰਝ ਕਹਿੰਦੇ ਜਾਪ ਰਹੇ ਸਨ: "ਹਾਲੇ ਵੀ, ਅਜਿਹੇ ਸੁਭਾਅ ਦੇ ਲੋਕ ਮਿਲ ਜਾਂਦੇ ਹਨ"। ਇਸਦੀ ਚਿੰਤਾ ਨਾ ਕਰੋ।

ਸਭ ਥਾਵ੍ਹਾਂ ਤੇ ਅਰ ਸਭ ਹਲਾਤਾਂ ਵਿੱਚ ਸਾਨੂੰ ਪ੍ਰਮੇਸ਼ਵਰ ਦੇ ਬੱਚਿਆਂ ਨੂੰ ਅਜਿਹਿਆਂ ਸਥਿਤੀਆਂ ਦਾ ਚੰਗੀ ਤਰ੍ਹਾਂ ਸਾਹਮਣਾ ਕਰਨਾ ਆਉਣਾ ਚਾਹੀਦਾ ਹੈ। ਸਾਨੂੰ ਦੇਖ ਕੇ ਲੋਕ ਆਪਣੇ ਵੱਲ ਵੇਖਣ ਕਿ ਅਸੀਂ ਮੁਕਤੀ ਪਾਏ ਹੋਏ ਹਾਂ। ਸਾਡੇ ਸੱਭਿਆਚਾਰ ਅਰ ਆਦਤਾਂ ਨੂੰ ਵੇਖ ਕੇ ਲੋਕ ਸਾਨੂੰ ਪੁੱਛਣ, "ਕੀ ਤੁਸੀਂ ਮਸੀਹੀ ਹੋ? ਕੀ ਤੁਸੀ ਮੁਕਤੀ ਪਾਏ ਹੋਏ ਪੁਰਸ਼/ ਇਸਤਰੀ ਹੋ? ਇਸ ਹੱਦ ਤੀਕ ਸਾਡੇ ਸਰੀਰ ਅਰ ਬਸਤਰ ਸੰਵਾਰੇ ਹੋਣੇ ਚਾਹੀਦੇ ਹਨ। ਸਾਡੇ ਚੇਹਰੇ ਅਰ ਸਾਡੀ ਡੀਲ ਡੌਲ ਤੋਂ ਸਾਡੇ ਹਿਰਦੇ ਦੀ ਝਲਕ ਦਿਸਣੀ ਚਾਹੀਦੀ ਹੈ।

ਇੱਕ ਵਾਰ ਪ੍ਰਭੂ ਦੇ ਕੰਮ ਲਈ ਮੈਂ ਕਨੇਡਾ ਗਿਆ। ਇੱਕ ਬਜ਼ੁਰਗ ਪ੍ਰਮੇਸ਼ਵਰ ਦੇ ਦਾਸ ਨੇ ਮੈਨੂੰ ਉਨ੍ਹਾਂ ਦੇ ਚਰਚ ਵਿੱਚ ਪ੍ਰਚਾਰ ਕਰਨ ਲਈ ਆਖਿਆ। ਉਹ ਬਹੁਤ ਦਿਆਲੂ ਸਨ। ਮੈਂ ਪ੍ਰਮੇਸ਼ਵਰ ਦੇ ਸਰੂਪ ਨੂੰ ਉਹਨਾਂ ਅੰਦਰ ਵੇਖ ਸਕਦਾ ਸੀ। ਸ਼ਾਮ ਨੂੰ ਉਹ ਮੈਨੂੰ ਇੱਕ ਸਥਾਨ ਤੇ ਲੈ ਗਏ ਅਰ ਸਿਖਾਉਣ ਲੱਗੇ ਕਿ ਪ੍ਰਮੇਸ਼ਵਰ ਦੇ ਦਾਸ ਦਾ ਪਹਿਰਾਵਾ ਅਰ ਹੋਰ ਆਦਤਾਂ ਕਿਸ ਤਰਾਂ ਦੀਆਂ ਹੋਣੀਆਂ ਚਾਹੀਦੀਆਂ ਹਨ। ਪ੍ਰਚਾਰਕ ਨੂੰ ਜਿਹੜੇ ਲੋਕਾਂ ਨੂੰ ਝਿੜਕਦੇ ਹਨ ਕਿ ਉਹਨਾਂ ਨੂੰ ਸ਼ਰਾਬ ਨਹੀਂ ਪੀਣੀ ਚਾਹੀਦੀ ਅਰ ਐਸ਼ ਇਸ਼ਰਤ ਵਿੱਚ ਨਹੀਂ ਪੈਣਾ ਚਾਹੀਦਾ ਖੁਦ ਵੀ ਇਹਨਾਂ ਤੋਂ ਦੂਰ ਰਹਿਣਾ ਚਾਹੀਦਾ ਹੈ।ਪਰੰਤੂ ਕੁੱਝ ਜਹਾਜ਼ ਵਿੱਚ ਬੈਠਦੇ ਹੀ ਅਰ ਬਾਹਰਲੇ ਦੇਸ਼ਾਂ ਵਿੱਚ ਉਵੇਂ ਜੀਊਂਦੇ ਹਨ ਜਿਵੇਂ ਉਹ ਚਾਹੁੰਦੇ ਹਨ! ਇਹ ਬਹੁਤ ਦੁੱਖਦਾਈ ਹੈ।

ਗੱਡੀਆਂ ਸੜਕਾਂ ਉੱਪਰ ਤੇਜ ਦੌੜਦੀਆਂ ਹਨ। ਭਾਵੇਂ ਗੱਡੀਆਂ ਬਹੁਤ ਤੇਜ ਹੋਣ ਅਰ ਭਾਵੇਂ ਕਿੰਨਾਂ ਵੀ ਟ੍ਰੈਫਿਕ ਹੋਵੇ, ਜਦੋਂ ਇੱਕ ਟ੍ਰੈਫਿਕ ਸਿਪਾਹੀ "ਰੁਕੋ" ਦਾ ਇਸ਼ਾਰਾ ਕਰਦਾ ਹੈ ਤਾਂ ਸਭ ਗੱਡੀਆਂ ਖਲੋ ਜਾਂਦੀਆਂ ਹਨ। ਇੱਥੇ ਅਸੀਂ ਇੱਕ ਵਰਦੀ ਵਾਲੇ ਪੁਲਿਸ ਸਿਪਾਹੀ ਅਰ ਬਗੈਰ ਵਰਦੀ ਵਾਲੇ ਵਿਅਕਤੀ ਦੁਆਰਾ ਦਿੱਤੇ "ਰੁਕੋ" ਦੇ ਇਸ਼ਾਰੇ ਵਿੱਚ ਅੰਤਰ ਨੂੰ ਵੇਖ ਸਕਦੇ ਹਾਂ। ਵਰਦੀ ਜਿਹੜੀ ਉਹ ਪਹਿਨਦਾ ਹੈ ਉਸਦੇ ਅਧਿਕਾਰ ਨੂੰ ਦਰਸਾਉਂਦੀ ਹੈ। ਸਾਡੇ ਆਤਮਿਕ ਜੀਵਨ ਵਿੱਚ, ਸਾਡੀ ਮੁਕਤੀ ਦਾ ਅਨੁਭਵ ਸਾਨੂੰ ਹਰੇਕ ਬੁਰਿਆਈ ਉੱਪਰ ਅਧਿਕਾਰ ਅਰ ਸੁਰੱਖਿਆ ਦਿੰਦਾ ਹੈ।

ਜ਼ਬੂਰ ਦੀ ਪੋਥੀ 18:35 ਇੰਝ ਆਖਦੀ: "ਤੈ ਆਪਣੇ ਬਚਾਓ ਦੀ ਢਾਲ ਮੈਨੂੰ ਦਿੱਤੀ ਹੈ, ਅਤੇ ਤੇਰੇ ਸੱਜੇ ਹੱਥ ਨੇ ਮੈਨੂੰ ਸੰਭਾਲਿਆ ਹੈ, ਅਤੇ ਤੇਰੀ ਨਰਮਾਈ ਨੇ ਮੈਨੂੰ ਵਡਿਆਇਆ ਹੈ"। ਵੇਖੋ, ਜੇਕਰ ਅਸੀਂ ਸ਼ਾਂਤੀ ਨਾਲ ਰਹਿਣਾ ਹੈ ਤਾਂ ਸਾਨੂੰ ਪ੍ਰਮੇਸ਼ਵਰ ਦੀ ਮੁਕਤੀ ਦੀ ਢਾਲ ਨੂੰ ਫੜ੍ਹਨਾ ਪਵੇਗਾ। ਇਹ ਸਾਨੂੰ ਹਰੇਕ ਬੁਰਿਆਈ ਅਰ ਆਫ਼ਤ ਤੋਂ ਬਚਾਉਣ ਲਈ ਢਾਲ ਦਾ ਕੰਮ ਕਰੇਗੀ। ਸੋ, ਹਰ ਸਥਿਤੀ ਵਿੱਚ ਮੁਕਤੀ ਇੱਕ ਢਾਲ ਵਾਂਗ ਸਾਨੂੰ ਬਚਾਉਂਦੀ ਹੈ।

ਜਦੋਂ ਸ਼ੈਤਾਨ ਅਰ ਦੁਨੀਆਂ ਦੇ ਲੋਕਾਂ ਨਾਲ ਸਾਡਾ ਸਾਹਮਣਾ ਹੁੰਦਾ ਹੈ ਤਾਂ ਮੁਕਤੀ ਦਾ ਬਸਤਰ (ਢਾਲ) ਸਾਡੀ ਰਾਖੀ ਕਰਦਾ ਹੈ। ਮੇਰੇ ਇੱਕ ਮਿੱਤਰ ਨੇ ਜੋ ਪ੍ਰਭੂ ਦੀ ਸੇਵਾ ਕਰਦਾ ਹੈ ਮੈਨੂੰ ਇੱਕ ਸੱਚੀ ਕਹਾਣੀ ਸੁਣਾਈ। ਇੱਕ ਆਦਮੀ ਦੁਸ਼ਟ ਆਤਮਿਆਂ ਨਾਲ ਜਕੜਿਆ ਹੋਇਆ ਬਹੁਤ ਹੀ ਤਕਲੀਫ਼ ਵਿੱਚ ਸੀ।ਉਹ ਭੋਜਨ ਨਹੀਂ ਖਾ ਸਕਦਾ ਸੀ। ਜੋ ਲੋਕ ਉਸਦੇ ਨੇੜਿਓਂ ਲੰਘਦੇ ਉਹ ਉਹਨਾਂ ਉੱਤੇ ਹਮਲਾ ਕਰ ਦਿੰਦਾ ਸੀ। ਪਰਿਵਾਰ ਉਸ ਬਿਮਾਰ ਆਦਮੀ ਨੂੰ ਪ੍ਰਾਰਥਨਾ ਲਈ ਮੇਰੇ ਮਿੱਤਰ ਕੋਲ ਲੈ ਆਇਆ।

ਜਦੋਂ ਪ੍ਰਮੇਸ਼ਵਰ ਦੇ ਦਾਸ ਨੇ ਪ੍ਰਾਰਥਨਾ ਸ਼ੁਰੂ ਕੀਤੀ, ਉਸ ਆਦਮੀ ਵਿਚਲੀ ਦੁਸ਼ਟ ਆਤਮਾ ਨੇ ਆਖਿਆ: "ਇਹ ਵਿਅਕਤੀ ਜ਼ਿੰਦਾ ਪ੍ਰਮੇਸ਼ਵਰ, ਯਿਸੂ ਮਸੀਹ ਦੀ ਅਰਾਧਨਾ ਕਰਦਾ ਸੀ। ਪਰੰਤੂ ਇਸਨੇ ਹਾਲ ਹੀ ਵਿੱਚ ਪਿੰਡ ਵਿੱਚ ਰੂਹਾਂ ਨੂੰ ਦਿੱਤੀ ਗਈ ਕੁਰਬਾਨੀ ਵਿੱਚ ਹਿੱਸਾ ਲਿਆ। ਇਸ ਲਈ ਮੈਂ ਆ ਕੇ ਇਸ ਵਿੱਚ ਰਹਿਣ ਲੱਗੀ। ਮੈਂ ਇਸਨੂੰ ਜਿਆਦਾ ਨੁਕਸਾਨ ਇਸ ਕਰਕੇ ਨਹੀਂ ਪੁਚਾ ਸਕੀ ਕਿ ਇਸਦੇ ਪਰਿਵਾਰ ਨੇ ਇਸਦਾ ਨਾਮ ਇੰਮਾਨੂਏਲ ਰੱਖਿਆ ਹੈ। ਕਿਉਂਕਿ ਇਸ ਕੋਲ ਇਹ ਨਾਮ ਹੈ ਮੈਂ ਇਸਨੂੰ ਨਾਸ਼ ਨਹੀਂ ਕਰ ਸਕੀ"। ਵੇਖੋ, ਕੇਵਲ ਇੰਮਾਨੂਏਲ ਨਾਮ ਦੇ ਅੱਗੇ ਸ਼ੈਤਾਨ ਕਿਵੇਂ ਸ਼ਕਤੀਹੀਣ ਹੈ?

ਇਸ ਲਈ ਜਦੋਂ ਅਸੀਂ ਆਪਣੇ ਬੱਚਿਆਂ ਦਾ ਨਾਮ ਰੱਖਦੇ ਹਾਂ, ਸਾਨੂੰ ਬਹੁਤ ਧਿਆਨ ਰੱਖਣਾ ਚਾਹੀਦਾ ਹੈ। ਕੁੱਝ ਮਾਤਾ ਪਿਤਾ ਬਿਨਾਂ ਸੋਚੇ ਸਮਝੇ ਬੱਚਿਆਂ ਦੇ ਅਜਿਹੇ ਨਾਮ ਰੱਖਦੇ ਹਨ ਜੋ ਉਚਾਰਨ ਵਿੱਚ ਵੀ ਬਹੁਤ ਕਠਿਨ ਹੁੰਦੇ ਹਨ। ਆਪਣੇ ਬੱਚਿਆਂ ਦੇ ਨਾਮ ਬਾਈਬਲ ਵਿੱਚੋਂ ਰੱਖੋ ਅਰ ਆਨੰਦਤ ਰਹੋ। ਤੁਸੀਂ ਆਤਮਿਕ ਆਗੂਆਂ ਅਰ ਮਿਸ਼ਨਰੀਆਂ ਦੇ ਨਾਮ ਉੱਤੇ ਵੀ ਉਹਨਾਂ ਦਾ ਨਾਮ ਰੱਖਕੇ ਉਹਨਾਂ ਨੂੰ ਜੇਤੂ ਜੀਵਨ ਜੀਣ ਯੋਗ ਬਣਾ ਸਕਦੇ ਹੋ। ਅਜਿਹੀਆਂ ਚੀਜ਼ਾਂ ਉਹਨਾਂ ਨੂੰ ਲੰਮੀ ਉਮਰ ਅਰ ਜੀਵਨ ਵਿੱਚ ਇੱਕ ਵਧੀਆ ਨਿਸ਼ਾਨਾ ਦੇਣਗੀਆਂ। "ਵੇਖ ਮੈਂ ਚੋਰ ਵਾਂਗ ਆਉਂਦਾ ਹਾਂ। ਧੰਨ ਉਹ ਜਿਹੜਾ ਜਾਗਦਾ ਰਹਿੰਦਾ ਅਤੇ ਆਪਣੇ ਬਸਤਰ ਦੀ ਚੌਕਸੀ ਕਰਦਾ ਹੈ ਭਈ ਉਹ ਨੰਗਾ ਨਾ ਫਿਰੇ ਅਤੇ ਲੋਕ ਉਹਦੀ ਸ਼ਰਮ ਨਾ ਵੇਖਣ" (ਪਰਕਾਸ਼ ਦੀ ਪੋਥੀ 16:15)।


## ਨਹਮਯਾਹ ਬਾਈਬਲ ਸ਼ਾਮ ਦਾ ਕਾਲਜ

ਚੇਪੌਕ ਅਤੇ ਸੰਤੋਸ਼ਪੁਰਮ, ਚੈਂਨਈ

ਮਾਧਿਅਮ- ਤਾਮਿਲ

*Registered Candidate for Membership*
Asia Theological Association (ATA)

ਅੰਤਰਰਾਸ਼ਟਰੀ ਮਸੀਹੀ ਲੀਡਰਾਂ ਅਰ ਸੀਨੀਅਰ ਪਾਸਬਾਨਾਂ ਦੁਆਰਾ ਪੜ ਸਾਲਾਂ ਤੋਂ ਮਾਨਤਾ ਪ੍ਰਾਪਤ

ਥਿਆਲੋਜੀਕਲ ਸਰਟੀਫਿਕੇਟ ਕੋਰਸ: ਇੱਕ ਸਾਲ
ਥਿਆਲੋਜੀਕਲ ਡਿਪਲੋਮਾ ਕੋਰਸ: ਦੋ ਸਾਲ

ਯੋਗਤਾ: ਦਸਵੀਂ ਅਰ ਉਸਤੋਂ ਵੱਧ
ਦਾਖਲੇ ਲਈ ਛੇਤੀ ਕਰੋ

**Contact : The Chairman, Nehemiah Bible College.**
10, MOHAMMED ABDULLAH 2ND STREET, BELLS ROAD, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

## 3. ਅਲੱਗਤਾਈ ਦਾ ਜੀਵਨ ਹੀ ਜੇਤੂ ਜੀਵਨ ਹੈ

"ਸੋ ਤੁਸੀਂ ਪਿਆਰੇ ਪੁੱਤਰਾਂ ਵਾਂਗ ਪ੍ਰਮੇਸ਼ਵਰ ਦੀ ਰੀਸ ਕਰੋ ਅਤੇ ਪ੍ਰੇਮ ਨਾਲ ਚੱਲੋ ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪ੍ਰੇਮ ਕੀਤਾ ਅਤੇ ਸਾਡੇ ਲਈ ਆਪਣੇ ਆਪ ਨੂੰ ਪ੍ਰਮੇਸ਼ਵਰ ਦੇ ਅੱਗੇ ਭੇਂਟ ਅਤੇ ਬਲੀਦਾਨ ਕਰਕੇ ਧੂਪ ਦੀ ਸੁਗੰਧ ਲਈ ਦੇ ਦਿੱਤਾ। ਪਰ ਹਰਾਮਕਾਰੀ ਅਤੇ ਹਰ ਭਾਂਤ ਦੇ ਗੰਦ ਮੰਦ ਅਥਵਾ ਲੋਭ ਦਾ ਤੁਹਾਡੇ ਵਿੱਚ ਨਾਓਂ ਵੀ ਨਾ ਹੋਵੇ ਜਿਵੇਂ ਸੰਤਾਂ ਨੂੰ ਜੋਗ ਹੈ ਅਤੇ ਨਾ ਬੇਸ਼ਰਮੀ ਨਾ ਮੂੜ੍ਹ ਬਚਨ ਅਥਵਾ ਠੱਠੇਬਾਜੀ ਜੋ ਅਯੋਗ ਹਨ ਪਰ ਧੰਨਵਾਦ ਹੋਇਆ ਕਰੇ। ਕਿਉਂ ਜੋ ਤੁਸੀਂ ਇਸ ਗੱਲ ਨੂੰ ਪੱਕ ਜਾਣਦੇ ਹੋ ਭਈ ਕਿਸੇ ਹਰਾਮਕਾਰ ਜਾਂ ਭ੍ਰਿਸ਼ਟ ਜਾਂ ਲੋਭੀ ਮਨੁੱਖ ਨੂੰ ਜੋ ਮੂਰਤੀ ਪੂਜਕ ਹੈ ਮਸੀਹ ਅਤੇ ਪ੍ਰਮੇਸ਼ਵਰ ਦੇ ਰਾਜ ਵਿੱਚ ਅਧਿਕਾਰ ਨਹੀਂ" (ਅਫ਼ਸੀਆਂ ਨੂੰ 5:1-5)।

ਕੁੱਝ ਲੋਕ ਇਸ ਸੰਸਾਰ ਵਿੱਚ ਇਸ ਸੋਚ ਨਾਲ ਜੀਂਦੇ ਹਨ ਕਿ ਉਹ ਕੁੱਝ ਵੀ ਕਰ ਅਰ ਬੋਲ ਸਕਦੇ ਹਨ। ਪਰੰਤੂ ਪ੍ਰਮੇਸ਼ਵਰ ਚਾਹੁੰਦਾ ਹੈ ਕਿ ਉਸਦੇ ਲੋਕ ਇਸ ਸੰਸਾਰ ਜਿਹੇ ਨਾ ਬਣਨ। ਸੰਸਾਰ ਕਹੇਗਾ, ਕਿ ਸੰਸਾਰ ਦੇ ਨਾਲ ਨਾਲ ਚੱਲੋ। ਪਰੰਤੂ ਇਹ ਪ੍ਰਮੇਸ਼ਵਰ ਦੀ ਇੱਛਾ ਹੈ ਕਿ ਅਸੀਂ ਅਲੱਗ ਜੀਵਨ ਬਤੀਤ ਕਰੀਏ। ਪਰੰਤੂ ਕੁੱਝ ਮਸੀਹੀ ਅਲੱਗ ਜੀਵਨ ਵਿਖਾਉਣ ਲਈ ਦੂਸਰੇ ਮਸੀਹੀਆਂ ਨਾਲ ਮਿਲਦੇ ਵੀ ਨਹੀਂ ਅਰ ਦਾਅਵਾ ਕਰਦੇ ਹਨ ਕਿ ਉਹ ਅਲੱਗ ਹਨ ਅਰ ਹੋਰਾਂ ਨਾਲੋਂ ਵੱਧ ਬਾਈਬਲ ਨੂੰ ਜਾਣਦੇ ਹਨ। ਇਹ ਗਲਤ ਹੈ, ਬਾਈਬਲ ਦੁਆਰਾ ਸਿਖਾਇਆ ਗਿਆ ਅਲੱਗਤਾਈ ਦਾ ਜੀਵਨ ਹੋਰ ਹੈ। ਇਸ ਵਿੱਚ ਕੁੱਝ ਗਲਤ ਨਹੀਂ ਕਿ ਮਸਹਿ ਮਿਲਕੇ ਰਹਿਣ। ਸਾਨੂੰ ਸਹੀ ਢੰਗ ਨਾਲ ਇਸਨੂੰ ਸਮਝਣਾ ਹੈ। ਅਲੱਗਤਾਈ ਦੇ ਜੀਵਨ ਲਈ ਸਾਨੂੰ ਅੱਗੇ ਲਿਖੀਆਂ ਗੱਲਾਂ ਨੂੰ ਅਪਨਾਉਣਾ ਪਵੇਗਾ।

### (ੳ) ਪ੍ਰਮੇਸ਼ਵਰ ਦਾ ਅਨੁਸਰਣ ਕਰੋ

ਅੱਜਕਲ ਬਹੁਤ ਸਾਰੇ ਮਸੀਹੀ ਰਾਜਨੀਤੀ ਵਿੱਚ ਸ਼ਾਮਿਲ ਹੁੰਦੇ ਹਨ। ਜੇਕਰ ਉਹ ਉੱਥੇ ਵੀ ਸੱਚਾਈ ਤੇ ਕਾਇਮ ਰਹਿਣ ਤਾਂ ਪ੍ਰਮੇਸ਼ਵਰ ਦਾ ਨਾਮ ਬਦਨਾਮ ਨਹੀਂ ਹੋਵੇਗਾ। ਉਹ ਇਸ ਕੰਮ ਨੂੰ ਲੋਕਾਂ ਦੀ ਭਲਾਈ ਦਾ ਸਾਧਨ ਬਣਾ ਸਕਦੇ ਹਨ। ਪਰੰਤੂ ਇਹ ਉਹਨਾਂ ਦੇ ਜੀਵਨ ਦਾ ਪਹਿਲਾ ਪਿਆਰ ਨਹੀਂ ਹੋਣਾ ਚਾਹੀਦਾ। ਯਿਸੂ ਉਹਨਾਂ ਦੇ ਜੀਵਨ ਵਿੱਚ ਪਹਿਲਾਂ ਹੋਣਾ ਚਾਹੀਦਾ ਹੈ। ਪਰੰਤੂ ਕੁੱਝ ਪਾਸਟਰ ਵੀ ਰਾਜਨੀਤੀ ਵਿੱਚ ਆ ਕੇ ਆਪਣਾ ਸਮਾਂ ਅਰ ਤੋੜੇ ਖ਼ਰਾਬ ਕਰ ਦਿੰਦੇ ਹਨ। ਉਹ ਸਮਾਂ ਅਰ ਪੈਸਾ ਜਿਹੜਾ ਉਹਨਾਂ ਦੇ ਚਰਚ ਅਰ ਪਰਿਵਾਰ ਲਈ ਹੈ ਰਾਜਨੀਤੀ ਤੇ ਖ਼ਰਚ ਨਹੀਂ ਹੋਣਾ ਚਾਹੀਦਾ। ਜੋ ਪਾਸਟਰ ਪ੍ਰਮੇਸ਼ਵਰ ਦੀ ਸੇਵਕਾਈ ਲਈ ਬੁਲਾਏ ਗਏ ਹਨ ਉਹਨਾਂ ਨੂੰ ਰਾਜਨੀਤੀ ਵਿੱਚ ਨਹੀਂ ਕੁੱਦਣਾ ਚਾਹੀਦਾ।

### (ਅ) ਦੁਨਿਆਵੀ ਮਸਲਿਆਂ ਵਿੱਚ ਨਾ ਉਲਝੋ

"ਉਪਰੰਤ ਹੇ ਮੇਰੇ ਬੱਚੇ ਤੂੰ ਉਸ ਕਿਰਪਾ ਨਾਲ ਜੋ ਮਸੀਹ ਯਿਸੂ ਵਿੱਚ ਹੈ ਤਕੜਾ ਹੋ। ਮਸੀਹ ਯਿਸੂ ਦੇ ਚੰਗੇ ਸਿਪਾਹੀ ਵਾਂਗ ਮੇਰੇ ਨਾਲ ਦੁੱਖ ਝੱਲ। ਕੋਈ ਸਿਪਾਹੀਗਿਰੀ ਕਰਦਾ ਹੋਇਆ ਆਪਣੇ ਆਪ ਨੂੰ ਸੰਸਾਰ ਦੇ ਵਿਹਾਰਾਂ ਵਿੱਚ ਨਹੀਂ ਫਸਾਉਂਦਾ ਭਈ ਆਪਣੀ ਭਰਤੀ ਕਰਨ ਵਾਲੇ ਨੂੰ ਪ੍ਰਸੰਨ ਕਰੇ। ਫੇਰ ਜੇ ਕੋਈ ਅਖ਼ਾੜੇ ਵਿੱਚ ਖੇਡੇ ਤਾਂ ਜਦੋਂ ਤੀਕ ਉਹ ਕਾਇਦੇ ਮੂਜਬ ਨਾ ਖੇਡੇ ਉਹ ਨੂੰ ਮੁਕਟ ਨਹੀਂ ਮਿਲਦਾ (2 ਤਿਮੋਥਿਉਸ ਨੂੰ 2:1,3,4,5)। ਜੇਕਰ ਪ੍ਰਮੇਸ਼ਵਰ ਦੀ ਸੇਵਾ ਲਈ ਬੁਲਾਇਆ ਗਿਆ ਇੱਕ ਵਿਅਕਤੀ ਆਪਣੇ ਪਰਿਵਾਰ ਨੂੰ ਚਲਾਉਣ ਲਈ ਰਾਜਨੀਤੀ, ਐਸੋਸਿਏਸ਼ਨਾਂ, ਵਪਾਰ ਜਾਂ ਕਲੱਬਾਂ ਆਦਿ ਵਿੱਚ ਉਲਝ ਰਿਹਾ ਹੈ ਤਾਂ ਉਸਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਇੱਥੇ ਸ਼ਬਦ ਉਲਝਣਾ ਬਹੁਤ ਮਹੱਤਵਪੂਰਨ ਹੈ। "ਕੋਈ ਟਹਿਲੂਆ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸਕਦਾ; ਕਿਉਂ ਜੋ ਉਹ ਇੱਕ ਨਾਲ ਵੈਰ ਅਰ ਦੂਏ ਨਾਲ ਪ੍ਰੀਤ ਰੱਖੇਗਾ, ਜਾਂ ਇੱਕ ਨਾਲ ਮਿਲਿਆ ਰਹੇਗਾ ਅਰ ਦੂਏ ਨੂੰ ਤੁੱਛ ਜਾਣੇਗਾ। ਤੁਸੀਂ ਪ੍ਰਮੇਸ਼ਵਰ ਅਰ ਧਨ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ" (ਲੂਕਾ 16:13)।

### (ੲ) ਪ੍ਰੇਮ ਨਾਲ ਚੱਲੋ

ਅਤੇ ਪ੍ਰੇਮ ਨਾਲ ਚੱਲੋ ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪ੍ਰੇਮ ਕੀਤਾ ਅਤੇ ਸਾਡੇ ਲਈ ਆਪਣੇ

(ਚਲਦਾ ਸਫ਼ਾ 9-)


**Echo of His Call Postal Courses for candidates in India only**

**1. BIBLECOR**

We offer Postal Course on Basic Truths of The Bible to new Christians and non-Christians in English – 57 pages, Hindi – 76 pages & Tamil – 96 pages. You will get a course book entitled **New Life – For You!** **After the completion of this course, you will get a certificate. There will be no compulsory fees.** You will be blessed!

**2. THEOLOGICAL CORRESPONDENCE COURSE**

Advanced Distance Education called **Theological Correspondence Course** is available in English – 537 pages and Tamil – 652 pages for Pastors, Evangelists, Christian Leaders and for lay people who have passion to do God's Ministry! A fee of Rs. 1000/- is charged. 7 Books with 149 Chapters are supplied. **Certificate in Ministry** will be awarded. **God will bless you!**

***For more details, write to us.***

**The Chairman, Nehemiah Bible College,**
Echo of His Call, **Post Box 2957**
CHEPAUK, CHENNAI - 600 005.
**Ph.: (044) 2852 8282, 2852 9293, 2854 7766,**
**Cell : 98410 71852, 95661 31858**
**E.mail : biblecor@yahoo.co.in**



## ਆਮਦਨ ਕਰ ਵਿੱਚ ਛੋਟ ਵਾਲੇ ਦਾਨ

ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ Echo of His Call Educational Trust ਨੂੰ ਭੇਜੇ ਗਏ ਦਾਨ ਧਾਰਾ 80G ਦੇ ਅੰਤਰਗਤ ਆਮਦਨ ਕਰ ਵਿੱਚ ਛੋਟ ਦੇ ਹੱਕਦਾਰ ਹਨ। ਇਸ ਵਾਸਤੇ ਦਫਤਰੀ ਰਸੀਦ ਵੀ ਦਿੱਤੀ ਜਾਵੇਗੀ। ਕਿਰਪਾ ਕਰਕੇ ਆਪਣੇ ਦਾਨ ਚੈਕ, ਡਿਮਾਂਡ ਡਰਾਫਟ ਜਾਂ ਮਨੀ ਆਡਰ ਦੁਆਰਾ Echo of His Call Educational Trust ਦੇ ਪਤੇ ਤੇ ਭੇਜੋ। ਤੁਸੀਂ ਆਪਣੇ ਦਾਨ ਹੇਂਠਲੇ ਬੈਂਕ ਖਾਤੇ ਵਿੱਚ ਵੀ ਭੇਜ ਸਕਦੇ ਹੋ:

| | | |
|---|---|---|
| **Account Name** | : | **ECHO OF HIS CALL EDUCATIONAL TRUST** |
| **Account Number** | : | **1023 2923 805** |
| **Bank Name** | : | **STATE BANK OF INDIA** |
| **Branch** | : | **TRIPLICANE, CHENNAI - 600 005** |
| **IFSC Code** | : | **SBIN 0000249** |
| **SWIFT Code** | : | **SBI NIN BB 455** |



# ਟੋਏ ਤੋਂ ਮਹੱਲ ਤੱਕ


## PIT TO PALACE

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜ਼ਿੰਦਗੀ ਦੇ ਅਨੁਭਵ)

“ਜਿਹੜਾ ਪੜ੍ਹੇ, ਉਹ ਸਮਝੇ” (ਮੱਤੀ ੨੪:੧੫)

## ਪ੍ਰਮੇਸ਼ਵਰ ਦੇ ਕ ਲਈ ਸੈਂਰੀ ਬੁਲਾਹਟ

## My call for God's Work




*S. Sam Selva Raj (Age : 18)*

ਪਵਿੱਤਰ ਆਤਮਾ ਨੇ 16-18 ਸਾਲ ਦੀ ਮੇਰੀ ਕਿਸ਼ੋਰ ਉਮਰ ਤੋਂ ਹੀ ਮੇਰੇ ਅੰਦਰਲੇ ਮਨੁੱਖ ਅਤੇ ਵਿਚਾਰਾਂ ਨੂੰ ਬਦਲਣਾ ਸ਼ੁਰੂ ਕਰ ਦਿੱਤਾ ਅਤੇ ਮੈਨੂੰ ਟਾਈਪ-ਰਾਈਟਿੰਗ, ਸ਼ੋਰਟ ਹੈਂਡ ਅਤੇ ਅੰਗਰੇਜ਼ੀ ਵਿੱਚ ਮਹਾਰਤ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਜਿਨ੍ਹਾਂ ਦਾ ਮੇਰੀ ਮੌਜੂਦਾ ਸੇਵਕਾਈ ਵਿੱਚ ਮੈਨੂੰ ਬਹੁਤ ਲਾਭ ਮਿਲਿਆ। ਮੈਨੂੰ ਪ੍ਰਮੇਸ਼ਵਰ ਦੇ ਸੱਚੇ ਸੇਵਕਾਂ ਜਿਵੇਂ ਕਿ, ਰੇਵ. ਐਸ. ਦੇਵਦਾਸਨ (ਹੇਰਾਲਡ ਆਫ਼ ਹਿਜ਼ ਕਮਿੰਗ), ਪਾਦਰੀ



*Sis. Sarah Navaroji*



*Pastor Sadhu Yesudas*

ਸਾਧੂ ਯੇਸੁਦਾਸ (ਕਿਰੂਬਾਸਨਮ ਚਰਚ), ਪਾਸਟਰ ਅਬ੍ਰਾਹਮ (ਇੰਡੀਅਨ ਪੈਂਟੀਕੋਸਟਲ ਚਰਚ), ਪਾਸਟਰ ਐਨ. ਜੀਵਾ ਨੰਧਮ ( ਮੈਗਿਜ਼ਹਚ ਮੈਗਜ਼ੀਨ) ਅਤੇ ਸਿਸ. ਸਾਰਾਹ ਨਵਰੋਜੀ (ਚੇਨਈ), ਨੂੰ ਵਿਅਕਤੀ ਗਤ ਤੌਰ ਤੇ ਜਾਨਣ ਦਾ ਵੀ ਮੌਕਾ ਮਿਲਿਆ । ਮੈਂ ਉਨ੍ਹਾਂ ਤੋਂ ਆਤਮਿਕ ਸੱਚਾਈ, ਪਵਿੱਤਰ ਜੀਵਨ ਲਈ ਖਿੱਚ, ਸਖ਼ਤ ਮਿਹਨਤ, ਧੀਰਜ, ਪਿਆਰ, ਕੁਰਬਾਨੀ, ਨਿਮਰਤਾ, ਅਧੀਨਤਾ, ਆਗਿਆਕਾਰੀ, ਉਪਵਾਸ, ਪ੍ਰਾਰਥਨਾ ਅਤੇ ਪ੍ਰਮੇਸ਼ਵਰ ਦੀ ਸੇਵਾ ਕਰਨ ਵਿੱਚ ਦ੍ਰਿੜ ਬਣਨਾ ਸਿੱਖਿਆ।

ਜਦੋਂ ਮੈਂ ਉਨ੍ਹਾਂ ਦੇ ਆਤਮਿਕ ਨਕਸ਼ੇ-ਕਦਮਾਂ 'ਤੇ ਚੱਲ ਰਿਹਾ ਸੀ ਤਾਂ ਮੈਂ ਮਹਿਸੂਸ ਕੀਤਾ ਕਿ ਸਵਰਗ ਵਿੱਚ ਸਾਡੇ ਲਈ ਜੋ ਭਲਿਆਈ ਰੱਖੀ ਗਈ ਹੈ, ਉਹ ਇਸ ਸੰਸਾਰ ਵਿੱਚ ਵੀ ਮਾਣੀ ਜਾ ਸਕਦੀ ਹੈ।

ਉਸ ਸਮੇਂ ਰੇਵ. ਐਸ. ਦੇਵਦਾਸਨ (ਹੇਰਾਲਡ ਆਫ਼ ਹਿਜ਼ ਕਮਿੰਗ) ਨੇ ਮੈਨੂੰ ਇੱਕ ਚਿੱਠੀ ਲਿਖਕੇ ਉਨ੍ਹਾਂ ਨਾਲ ਮਿਲ ਕੇ ਪ੍ਰਭੂ ਦੀ ਸੇਵਾ ਕਰਨ ਦਾ ਸੱਦਾ ਦਿੱਤਾ। ਮੈਂ ਬਹੁਤ ਖੁਸ਼ ਸੀ ਕਿਉਂਕਿ ਇਸ ਵਿੱਚ ਮੇਰੇ ਲਈ ਚੰਗਾ ਭਵਿੱਖ ਸੀ, ਪਰ ਮੇਰੇ ਮਾਤਾ-ਪਿਤਾ ਇਸ ਬਾਰੇ ਚੁੱਪ ਸਨ। ਇਸ ਲਈ ਮੈਂ ਆਪਣੀਆਂ ਗਵਾਹੀਆਂ ਸਾਂਝੀਆਂ ਕਰਦਾ ਰਿਹਾ, ਆਮ ਵਾਂਗ ਪ੍ਰਾਰਥਨਾ ਕਰਦਾ ਰਿਹਾ ਅਤੇ ਟ੍ਰੈਕਟ ਵੰਡਦਾ ਰਿਹਾ। ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਪ੍ਰਭੂ ਨੂੰ ਸਮਰਪਿਤ ਕਰ ਦਿੱਤਾ ਅਤੇ ਇਸ ਚੁਣੌਤੀ ਵਿੱਚ ਮੇਰੀ ਅਗਵਾਈ ਕਰਨ ਲਈ ਧੀਰਜ ਨਾਲ ਉਸਦੀ ਉਡੀਕ ਕੀਤੀ।

ਜਦੋਂ ਕੋਈ ਰਸਤਾ ਨਾ ਖੁਲ੍ਹਿਆ ਤਾਂ ਮੈਨੂੰ ਮੇਰੇ ਕੁਝ ਦੋਸਤਾਂ ਦਾ ਪਿਆਰ ਮਿਲਿਆ। ਮੇਰੇ ਆਤਮਿਕ ਜੀਵਨ ਵਿੱਚ ਇੱਕ ਰੁਕਾਵਟ ਆ ਗਈ। ਹਾਲਾਂਕਿ ਮੇਰੇ ਅੰਦਰ ਰੱਬ ਦਾ ਡਰ ਸੀ ਅਤੇ ਉਸ ਉੱਤੇ ਵਿਸ਼ਵਾਸ ਸੀ ਪਰ ਮੇਰੇ ਕੋਲ ਕੁਝ ਹਾਸਲ ਕਰਨ ਦੀ ਲਾਲਸਾ ਸੀ। ਇਸ ਲਈ ਮੈਂ ਆਪਣੇ ਘਰ ਦੇ ਇੱਕ ਹਿੱਸੇ ਨੂੰ ਮੇਰੇ ਦੋਸਤਾਂ ਦੁਆਰਾ ਰਾਜਨੀਤਿਕ ਉਦੇਸ਼ਾਂ ਲਈ ਵਰਤਣ ਲਈ ਵੱਖਰਾ ਕਰ ਦਿੱਤਾ; ਮੇਰੇ ਕੁਝ ਦੋਸਤਾਂ ਜਿਵੇਂ ਕਿ ਜੌਨ, ਪੇਰੂਮਲ ਆਸਰੀ, ਮਣੀਕੰਦਨ ਨਾਲ ਜੁੜ ਕੇ ਮੈਂ ਇੱਕ ਸੰਸਥਾ ਵੀ ਸ਼ੁਰੂ ਕੀਤੀ ਅਤੇ ਇਸਦਾ ਨਾਮ ਸੋਮਬਰੀ ਮੈਡਮ (ਆਲਸੀ ਕਾਨਵੈਂਟ) ਰੱਖਿਆ। ਇਸ ਤਰ੍ਹਾਂ ਮੇਰੀ ਜ਼ਿੰਦਗੀ ਮਾਰਗ ਤੋਂ ਭਟਕ ਗਈ। ਮੇਰੇ ਮਾਤਾ-ਪਿਤਾ ਅਤੇ ਰਿਸ਼ਤੇਦਾਰਾਂ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਹ ਕੀ ਕਰਨ। ਪਰ ਮੇਰੀ ਮਾਂ ਨੇ ਦਿਲੋਂ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੱਤੀ।


ਇਸ ਸਥਿਤੀ ਵਿੱਚ ਇੱਕ ਸਵੇਰ, 62 ਸਾਲ ਦੀ ਉਮਰ ਦੇ ਰੇਵ. ਐਸ. ਦੇਵਦਾਸਨ, ਚਿੱਟੇ ਕੱਪੜੇ ਪਹਿਨੇ, ਇੱਕ ਹੱਥ ਵਿੱਚ ਛੱਤਰੀ ਅਤੇ ਦੂਜੇ ਵਿੱਚ ਬਾਈਬਲ ਲੈ ਕੇ ਮੇਰੇ ਘਰ ਆਏ। ਮੈਨੂੰ ਉਮੀਦ ਨਹੀਂ ਸੀ ਕਿ ਉਹ ਉਸ ਸਮੇਂ ਸਾਡੇ ਘਰ ਆਉਣਗੇ। ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਸਿਰਫ਼ ਇੱਕ ਵਾਰ ਦੇਖਿਆ ਸੀ। ਮੈਂ ਉਨ੍ਹਾਂ ਨੂੰ ਦੇਖ ਕੇ ਡਰ ਗਿਆ ਤੇ ਮਾਂ ਦੇ ਪਿੱਛੇ ਲੁਕ ਗਿਆ। ਪਾਸਟਰ ਜੀ ਮੈਨੂੰ ਅਤੇ ਮੇਰੇ ਕਮਰੇ ਨੂੰ ਬੜੇ ਪਿਆਰ ਅਤੇ ਗੰਭੀਰਤਾ ਨਾਲ ਦੇਖ ਰਹੇ ਸਨ। ਅੰਤ ਵਿੱਚ ਉਨ੍ਹਾਂ ਮੈਨੂੰ ਅਤੇ ਮੇਰੀ ਮਾਂ ਵੱਲ ਵੇਖ ਕੇ ਕਿਹਾ, “ਪ੍ਰਮੇਸ਼ਵਰ ਇਸ ਲੜਕੇ ਨੂੰ ਆਪਣੀ ਸੇਵਾ ਲਈ ਬੁਲਾ ਰਿਹਾ ਹੈ। ਇਹ ਲੜਕਾ ਸੈਮ ਸੇਲਵਾ ਰਾਜ ਕੱਲ੍ਹ ਸਵੇਰੇ 9 ਵਜੇ ਮੇਰੇ ਦਫ਼ਤਰ ਜ਼ਰੂਰ ਆਵੇ। ਫਿਰ ਉਨ੍ਹਾਂ ਨੇ ਪ੍ਰਾਰਥਨਾ ਕੀਤੀ ਅਤੇ ਚਲੇ ਗਏ।



*Pr. S. Sam Selva Raj & Rev. S. Devadasan*

ਉਸੇ ਸਮੇਂ ਤੋਂ ਸਾਡੇ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਸ਼ੁਰੂ ਹੋ ਗਿਆ। ਇੱਕ ਮਿੱਠੀ ਖੁਸ਼ਬੂ ਸਾਡੇ ਘਰ ਨੂੰ ਭਰ ਦਿੰਦੀ ਸੀ। ਉਸ ਦਿਨ ਮੈਂ ਆਪਣੇ ਸਾਰੇ ਦੋਸਤਾਂ ਨੂੰ ਬੁਲਾਇਆ, ਉਹਨਾਂ ਨੂੰ ਮੇਰੀ ਮਾਂ ਦੁਆਰਾ ਤਿਆਰ ਕੀਤੀ ਇੱਕ ਚੰਗੀ ਦਾਅਵਤ ਦਿੱਤੀ ਅਤੇ ਉਨ੍ਹਾਂ ਨੂੰ ਕਿਹਾ ਕਿ ਮੈਂ "ਆਲਸੀ ਕਾਨਵੈਂਟ" ਨੂੰ ਛੱਡ ਰਿਹਾ ਹਾਂ ਅਤੇ ਉਨ੍ਹਾਂ ਨੂੰ ਅਲਵਿਦਾ ਕਹਿ ਰਿਹਾ ਹਾਂ। ਉਹ ਹੈਰਾਨ ਸਨ ਅਤੇ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ, ਇਸ ਲਈ ਉਹ ਚਲੇ ਗਏ।

ਅਗਲੇ ਦਿਨ ਮੈਂ ਰੇਵ. ਐਸ ਦੇਵਦਾਸਨ ਦੇ ਹੁਕਮ ਅਨੁਸਾਰ ਉਨਹਾਂ ਕੋਲ ਗਿਆ। ਮੈਂ ਉਨ੍ਹਾਂ ਦਾ ਆਤਮਿਕ ਪੁੱਤਰ ਅਤੇ ਇੱਕ ਨਿਮਾਣਾ ਸੇਵਕ ਵੀ ਬਣ






ਗਿਆ। ਮੈਂ ਉਨ੍ਹਾਂ ਦੀ ਜ਼ਿੰਦਗੀ ਦੀ ਹਰ ਹਰਕਤ ਨੂੰ ਵੇਖਣਾ ਸ਼ੁਰੂ ਕਰ ਦਿੱਤਾ ਅਤੇ ਮੈਂ ਉਨ੍ਹਾਂ ਦਾ ਨਿਮਾਣਾ ਸਹਾਇਕ ਬਣ ਗਿਆ। ਉਨ੍ਹਾਂ ਵਾਂਗ ਹੀ, ??ਮੈਂ ਗੋਡੇ ਟੇਕ ਕੇ ਪ੍ਰਾਰਥਨਾ ਕਰਨੀ, ਲੰਬੇ ਸਮੇਂ ਲਈ ਬਾਈਬਲ ਨੂੰ ਉੱਚੀ ਆਵਾਜ਼ ਵਿਚ ਪੜ੍ਹਨਾ, ਮਨਨ ਕਰਨਾ ਅਤੇ ਜੋ ਕੁਝ ਪ੍ਰਭੂ ਮੈਨੂੰ ਦੱਸਦਾ ਸੀ ਉਸਨੂੰ ਲਿਖਣਾ ਸ਼ੁਰੂ ਕਰ ਦਿੱਤਾ।

ਇਹ ਦੇਖਦੇ ਹੋਏ ਕਿ ਪ੍ਰਭੂ ਮੇਰੇ ਭਵਿੱਖ ਵਿੱਚ ਮੈਨੂੰ ਕਿਵੇਂ ਇਸਤੇਮਾਲ ਕਰੇਗਾ, ਰੇਵ. ਐਸ. ਦੇਵਦਾਸਨ ਨੇ ਸਖ਼ਤੀ ਨਾਲ ਪਰਮੇਸ਼ੁਰ ਦੀ ਧਾਰਮਿਕਤਾ, ਪਵਿੱਤਰਤਾ, ਅਤੇ ਗੁਆਚੀਆਂ ਰੂਹਾਂ ਲਈ ਇੱਕ ਬੋਝ ਰੱਖਣ ਲਈ ਮੇਰੀ ਅਗਵਾਈ ਕੀਤੀ। ਉਨ੍ਹਾਂ ਮੈਨੂੰ ਸੱਚਾਈ ਨੂੰ ਧਾਰਨ ਕਰਨਾ, ਪ੍ਰਾਰਥਨਾਪੂਰਨ ਜੀਵਨ ਜੀਣਾ ਅਤੇ ਕਲਾਮ ਉੱਤੇ ਮਨਨ ਕਰਨਾ ਵੀ ਸਿਖਾਇਆ। ਉਨ੍ਹਾਂ ਨੇ ਮੈਨੂੰ ਸਪੱਸ਼ਟ ਤੌਰ 'ਤੇ ਇਹ ਵੀ ਸਿਖਾਇਆ ਕਿ ਕਿਵੇਂ ਈਮਾਨਦਾਰੀ ਨਾਲ



ਪਰਮੇਸ਼ੁਰ ਦੀ ਸੇਵਾ ਕਰਨੀ ਹੈ, ਪਵਿੱਤਰ ਜੀਵਨ ਕੀ ਹੈ, ਬਿਨਾਂ ਪੈਸੇ ਦੇ ਵੀ ਪਰਮੇਸ਼ੁਰ ਦੀ ਸੇਵਕਾਈ ਕਿਵੇਂ ਕਰਨੀ ਹੈ ਅਤੇ ਪਰਮੇਸ਼ੁਰ ਦੀ ਸੇਵਕਾਈ ਲਈ ਪਰਮੇਸ਼ੁਰ ਦੇ ਬਚਨ ਦੇ ਅਨੁਸਾਰ ਫੰਡ ਕਿਵੇਂ ਪੈਦਾ ਕਰਨਾ ਹੈ। ਉਨ੍ਹਾਂ ਨੇ ਮੈਨੂੰ ਅਭਿਆਸ ਕਰਨ ਦੀ ਸਿਖਲਾਈ ਵੀ ਦਿੱਤੀ।

************

(ਚਲਦਾ ਸਫਾ 7 ਤੋਂ)

ਆਪ ਨੂੰ ਪ੍ਰਮੇਸ਼ਵਰ ਦੇ ਅੱਗੇ ਭੇਂਟ ਅਤੇ ਬਲੀਦਾਨ ਕਰਕੇ ਧੂਪ ਦੀ ਸੁਗੰਧ ਲਈ ਦੇ ਦਿੱਤਾ (ਅਫ਼ਸੀਆਂ ਨੂੰ 5:2)। 1 ਕੁਰਿੰਥੀਆਂ 13 ਅਧਿਆਏ ਕਾਮਿਲ ਪ੍ਰੇਮ ਬਾਰੇ ਬੋਲਦਾ ਹੈ। "ਪ੍ਰੇਮ ਧੀਰਜਵਾਨ ਅਤੇ ਕਿਰਪਾਲੂ ਹੈ, ਪ੍ਰੇਮ ਖੁਣਸ ਨਹੀਂ ਕਰਦਾ, ਪ੍ਰੇਮ ਫੁੱਲਦਾ ਨਹੀਂ, ਪ੍ਰੇਮ ਫੂੰ ਫੂੰ ਨਹੀਂ ਕਰਦਾ; ਕੁਚੱਜਿਆਂ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ; ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸੱਚਿਆਈ ਨਾਲ ਅਨੰਦ ਹੁੰਦਾ ਹੈ; ਸਭ ਕੁੱਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪ੍ਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁੱਝ ਸਹਿ ਲੈਂਦਾ" (4-7)।

## (ਸ) ਧਰਮੀ ਨੂੰ ਇਹਨਾਂ ਨਾਲ ਸੰਬੰਧ ਨਹੀਂ ਰੱਖਣਾ ਚਾਹੀਦਾ

ਪਵਿੱਤਰ ਲੋਕਾਂ ਦੇ ਵਿਰੁੱਧ ਹਰਾਮਕਾਰੀ ਅਰ ਅਜਿਹਾ ਹੋਰ ਗੰਦ ਮੰਦ, ਪੈਸੇ ਦਾ ਲੋਭ ਆਦਿ ਬਾਰੇ ਗੱਲਾਂ ਨਹੀਂ ਉੱਠਣੀਆਂ ਚਾਹੀਦੀਆਂ। ਅਰ ਅਜਿਹੇ ਨਾਮ ਵੀ ਉਹਨਾਂ ਨਾਲ ਨਹੀਂ ਜੁੜਨੇ ਚਾਹੀਦੇ। ਇਸੇ ਤਰ੍ਹਾਂ ਮੂੜ੍ਹ ਗੱਲਾਂ, ਗੰਦੀ ਗੱਲਬਾਤ, ਠੱਠੇਬਾਜ਼ੀ ਤੋਂ ਵੀ ਬਚਣਾ ਚਾਹੀਦਾ ਹੈ।ਪ੍ਰਮੇਸ਼ਵਰ ਦਾ ਧੰਨਵਾਦ ਕਰਨਾ ਚੰਗੀ ਗੱਲ ਹੈ। "ਪਰ ਹਰਾਮਕਾਰੀ ਅਤੇ ਹਰ ਭਾਂਤ ਦੇ ਗੰਦ ਮੰਦ ਅਥਵਾ ਲੋਭ ਦਾ ਤੁਹਾਡੇ ਵਿੱਚ ਨਾਓਂ ਵੀ ਨਾ ਹੋਵੇ ਜਿਵੇਂ ਸੰਤਾਂ ਨੂੰ ਜੋਗ ਹੈ; ਅਤੇ ਨਾ ਬੇਸ਼ਰਮੀ, ਨਾ ਮੂੜ੍ਹ ਬਚਨ ਅਥਵਾ ਠੱਠੇਬਾਜੀ ਜੋ ਅਯੋਗ ਹਨ, ਪਰ ਧੰਨਵਾਦ ਹੋਇਆ ਕਰੇ" (ਅਫ਼ਸੀਆਂ ਨੂੰ 5:3,4)।

## (ਹ) ਉਹ ਲੋਕ ਜਿਨ੍ਹਾਂ ਦਾ ਯਿਸੂ ਨਾਲ ਕੋਈ ਹਿੱਸਾ ਨਹੀਂ

ਹਰਾਮਕਾਰ, ਅਸ਼ੁੱਧ ਅਰ ਪੈਸੇ ਦੇ ਪੁਜਾਰੀ ਪ੍ਰਮੇਸ਼ਵਰ ਦੇ ਰਾਜ ਵਿੱਚ ਦਾਖ਼ਲ ਨਹੀਂ ਹੋਣਗੇ। "ਨਾ ਬੇਸ਼ਰਮੀ, ਨਾ ਮੂੜ੍ਹ ਬਚਨ ਅਥਵਾ ਠੱਠੇਬਾਜੀ ਜੋ ਅਯੋਗ ਹਨ, ਪਰ ਧੰਨਵਾਦ ਹੋਇਆ ਕਰੇ। ਕਿਉਂ ਜੋ ਤੁਸੀਂ ਇਸ ਗੱਲ ਨੂੰ ਪੱਕ ਜਾਣਦੇ ਹੋ ਭਈ ਕਿਸੇ ਹਰਾਮਕਾਰ ਜਾਂ ਭ੍ਰਿਸ਼ਟ ਜਾਂ ਲੋਭੀ ਮਨੁੱਖ ਨੂੰ ਜੋ ਮੂਰਤੀ ਪੂਜਕ ਹੈ ਮਸੀਹ ਅਤੇ ਪ੍ਰਮੇਸ਼ਵਰ ਦੇ ਰਾਜ ਵਿੱਚ ਅਧਕਾਰ ਨਹੀਂ" (ਅਫ਼ਸੀਆਂ ਨੂੰ 5:4,5)। ਈਸ਼ਵਰੀ ਕਵੀ, ਤਿਰੁਵੱਲੁਵਰ ਨੇ ਆਖਿਆ: "ਕਲੀਨ ਸ਼ੇਵ ਜਾਂ ਲੰਬੇ ਵਾਲ ਉਸਨੂੰ ਅਯੋਗ ਨਹੀਂ ਠਹਿਰਾਉਂਦੇ ਜਿਸਨੂੰ ਦੁਨੀਆਂ ਨਫ਼ਰਤ ਕਰਦੀ ਹੈ"। ਕਲੀਨ ਸ਼ੇਵ ਅਰ ਲੰਬੀ ਸਜਾਈ ਹੋਈ ਦਾੜ੍ਹੀ ਦਾ ਦਿਖਾਵਾ ਨਾ ਕਰੋ। ਇਹ ਹਮੇਸ਼ਾ ਭਲਾ ਹੈ ਕਿ ਮਨਾਹੀਂ ਵਾਲੇ ਕੰਮ ਨਾ ਕੀਤੇ ਜਾਣ। "ਇਹ ਲੋਕ ਆਪਣੇ ਬੁੱਲਾਂ ਨਾਲ ਮੇਰਾ ਆਦਰ ਕਰਦੇ ਹਨ, ਪਰ ਇਹਨਾਂ ਦਾ ਦਿਲ ਮੈਥੋਂ ਦੂਰ ਹੈ। ਇਹ ਵਿਰਥਾ ਮੇਰੀ ਉਪਾਸਨਾ ਕਰਦੇ ਹਨ, ਇਹ ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦਿਮਦੇ ਹਨ" (ਮੱਤੀ 15:8,9)।

## (ਕ) ਜੀਉਂਦਾ ਬਲੀਦਾਨ

ਸੰਤ ਪੌਲੁਸ ਸਾਨੂੰ ਬੇਨਤੀ ਕਰਦਾ ਹੈ ਕਿ ਆਪਣੀਆਂ ਦੇਹਾਂ ਨੂੰ ਜੀਉਂਦਾ, ਪਵਿੱਤਰ ਅਤੇ ਪ੍ਰਮੇਸ਼ਵਰ ਨੂੰ ਮਨਭਾਉਂਦਾ ਬਲੀਦਾਨ ਕਰਕੇ ਚੜ੍ਹਾਓ ਜੋ ਕਿ ਬੰਦਗੀ ਹੈ। "ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਜਾਣ ਲਵੋ ਭਈ ਪ੍ਰਮੇਸ਼ਵਰ ਦੀ ਚੰਗੀ ਅਤੇ ਮਨਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ" (ਰੋਮੀਆਂ ਨੂੰ 12:2)।

ਇਹ ਅਨੁਭਵ ਸਭ ਤੋਂ ਵੱਧ ਜ਼ਰੂਰੀ ਹਨ। ਇਹ ਕਠਿਨ ਜਾਪਦੇ ਹਨ। ਜਿਹੜੇ ਇਹਨਾਂ ਅਨੁਭਵਾਂ ਵਿੱਚ ਹੁੰਦੇ ਹਨ ਉਹ

### ਚੁਣੇ ਹੋਏ

ਮਸੀਹਤ ਭਾਰਤ ਵਿੱਚ 2000 ਸਾਲਾਂ ਤੋਂ ਮੌਜੂਦ ਹੈ। ਇਹ ਯੂਰਪੀ ਲੋਕਾਂ ਦੁਆਰਾ ਨਹੀਂ ਆਈ। ਪਹਿਲੀ ਸਦੀ ਵਿੱਚ ਸੰਤ ਥੋਮਾ ਰਾਹੀਂ ਮਸੀਹਤ ਭਾਰਤ ਵਿੱਚ ਆਈ। ਮਸੀਹਤ ਕੋਈ ਗੋਰਿਆਂ ਦਾ ਧਰਮ ਨਹੀਂ ਹੈ।

"ਯਾਦ ਰੱਖੋ, ਸੰਤ ਥੋਮਾ ਉਦੋਂ ਭਾਰਤ ਆਇਆ ਸੀ ਜਦੋਂ ਯੂਰਪ ਦੇ ਬਹੁਤ ਸਾਰੇ ਦੇਸ਼ ਅਜੇ ਮਸੀਹੀ ਨਹੀਂ ਬਣੇ ਸਨ, ਇਸ ਲਈ, ਕਿਉਂਕਿ ਭਾਰਤੀਆਂ ਨੇ ਮਸੀਹਤ ਨੂੰ ਸੰਤ ਥੋਮਾ ਰਾਹੀਂ ਹਾਸਲ ਕੀਤਾ ਹੈ, ਉਨ੍ਹਾਂ ਦਾ ਇਤਿਹਾਸ ਬਹੁਤ ਲੰਮਾ ਹੈ ਅਤੇ ਯੂਰਪ ਦੇ ਕਈ ਦੇਸ਼ਾਂ ਦੇ ਮਸੀਹੀਆਂ ਨਾਲੋਂ ਉੱਚਾ ਵੰਸ਼ ਹੈ; ਅਤੇ ਇਹ ਸਾਡੇ ਲਈ ਸੱਚਮੁੱਚ ਮਾਣ ਵਾਲੀ ਗੱਲ ਹੈ ਕਿ ਅਜਿਹਾ ਹੋਇਆ ਹੈ"

- ਡਾ: ਰਾਜੇਂਦਰ ਪ੍ਰਸਾਦ, ਭਾਰਤ ਦੇ ਪਹਿਲੇ ਰਾਸ਼ਟਰਪਤੀ, 18 ਦਸੰਬਰ 1955 ਨੂੰ।

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23

ਪ੍ਰਮੇਸ਼ਵਰ ਦੀ ਸਥਿਰ ਅਵਾਜ਼ ਨੂੰ ਸੁਣ ਸਕਦੇ ਹਨ। ਪ੍ਰਮੇਸ਼ਵਰ ਦੇ ਡੇਰਾ ਮਨੁੱਖਾਂ ਦੇ ਨਾਲ ਹੈ। ਉਹ ਉਹਨਾਂ ਨਾਲ ਡੇਰਾ ਕਰੇਗਾ। ਉਹ ਉਸਦੀ ਪਰਜਾ ਹੋਣਗੇ। ਪ੍ਰਮੇਸ਼ਵਰ ਆਪ ਉਹਨਾਂ ਦਾ ਪ੍ਰਮੇਸ਼ਵਰ ਹੋ ਕੇ ਉਹਨਾਂ ਦੇ ਨਾਲ ਰਹੇਗਾ (ਪ੍ਰਕਾਸ਼ ਦੀ ਪੋਥੀ 21:3)। ਪ੍ਰਮੇਸ਼ਵਰ ਇਸ ਸੰਸਾਰ ਵਿੱਚ ਸਾਨੂੰ ਵੀ ਇਹ ਅਨੁਭਵ ਦੇਵੇ! ਆਮੀਨ।

***********

## OUR BANK DETAILS:

### *1. Bank : State Bank of India*

Branch : **Triplicane, Chennai-5**
Name : **S. Sam Selva Raj**
A/C No. : **1023 2934 679**
IFSC : **SBIN 00 00 249**
SWIFT CODE : **SBI NIN BB 455**

### *2. Bank : ICICI Bank*

Branch : **Anna Salai, Chennai-6**
Name : **Echo of His Call**
A/C No. : **6038 0502 2319**
IFSC : **ICIC 000 6038**

### *3. Bank : State Bank of India*

**(This Account is for Tax Exemption for Indians only )**

Branch : **Triplicane, Chennai-5**
Name : **Echo of His Call Educational Trust**
A/C No. : **1023 2923 805**
IFSC : **SBIN 00 00 249**

**Google Pay: 98410 71858**
**PayPal : SAM SELVA RAJ**

*****

**E.mail : sam@echoofhiscall.org**

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੂਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

ਸਲਾਨਾ ਚੰਦਾ 100/- ਰੁ: ਜੀਵਨ ਭਰ ਲਈ ਚੰਦਾ: 2000/- ਰੁ:

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਖੁਸ਼ਖ਼ਬਰੀ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

Our address :
**ECHO OF HIS CALL**
10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.com

**YOU CAN SEND YOUR DONATION ONLINE ALSO**

**RNI NO. 2000/1914**
**Postal Regn. No. TN/CH/(C)/192/21-23**
**WPP NO. TN/PMG(CCR) / WPP- 263/21-23**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel"**
**on 20th AUGUST 2022**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**

***JESUS LOVES YOU!***

**To**

*GOD BLESS YOU!*

Owned and published by **S. Sam Selva Raj** from New No. 8 & 10, Old No. 18 & 19, Mohammed Abdullah 2nd Street, Chepauk, Chennai-600 005 and printed by him at **Echo of His Call Printers**, New No. 8 & 10, Old No. 18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**